# ਤੇਰੇ ਹਜ਼ੂਰ ਮੇਰੀ ਹਾਜ਼ਰੀ ਦੀ ਦਾਸਤਾਨ

ਡਾ. ਹਰਿਭਜਨ ਸਿੰਘ

ਉਦੋਂ ਹਾਜ਼ਰ ਸਾਂ ਮੈਂ
ਤੇਰੇ ਹੱਥ ਵਿਚ ਜਦੋਂ ਤਲਵਾਰ
ਨੰਗੀ ਪਿਆਸ ਵਾਂਗ ਤੜਫੜਾਈ ਸੀ
ਲਹਿਰਦਾ, ਸੁਲਗਦਾ ਮੇਲਾ
ਜਦੋਂ ਸੁੱਕੇ ਸਰੋਵਰ ਵਾਂਗ ਗੁੰਮਸੁੰਮ ਬੁੱਝ ਗਿਆ ਸੀ
ਦੂਰ ਤੀਕਰ ਚੁੱਪ ਦੇ ਬੰਜਰ ਵਿਛੇ ਸਨ
ਜਿਨ੍ਹਾਂ ਦੇ ਵਿਚ ਸਵਾਸ ਵੀ ਉਗੱਦਾ ਨਹੀਂ ਸੀ ਪੂਰਾ।

ਉਦੋਂ ਹਾਜ਼ਰ ਸਾਂ ਮੈਂ
ਤੇਰੇ ਮੂੰਹੋਂ ਜਦੋਂ ਇਕ ਬੋਲ ਦਾ ਟੁਕੜਾ
ਸੁਲਗਦੀ ਲਾਟ ਵਾਂਗੂੰ ਨਿਕਲਿਆ ਸੀ
ਸੀਸ ਜਿਸ ਦੇ ਪਾਸ ਹੈ ਹਾਜ਼ਰ ਕਰੇ
ਉਦੋਂ ਬੇਸੀਸ ਬੰਦੇ ਵਾਂਗ ਮੇਰੀ ਹਾਜ਼ਰੀ ਸੀ।

ਮੇਰੇ ਸੀਨੇ 'ਚ ਮੇਰੀ ਜਾਨ
ਅਚੇਤੀ ਲਹਿਰ ਵਾਂਗੂੰ ਤ੍ਰਭਕ ਕੇ ਉਠੀ
ਤੇ ਫਿਰ ਛੀਕੀ ਨਦੀ ਦੀ ਲਹਿਰ ਵਾਂਗੂ ਸੌਂ ਗਈ
ਮੈਂ ਆਪਣੀ ਥਾਂ 'ਤੇ ਬੈਠਾ ਸਾਂ ਬਿਰਛ ਵਾਂਗੂੰ
ਜਿਨ੍ਹੂੰ ਮੁੱਢੋਂ ਕਿਸੇ ਦੋ ਚਾਰ ਹੱਥ ਛਡ ਕੇ
ਸਬੂਤਾ ਵੱਢ ਦਿੱਤਾ ਸੀ
ਨਿਰੀ ਨੰਗੀ ਨਿਕੱਦੀ ਹੀਣਤਾ
ਮੇਰੇ ਉੱਪਰ ਮੇਰੀ ਆਪਣੀ ਵੀ ਛਾਂ ਕੋਈ ਨਹੀਂ ਸੀ।

ਉਦੋਂ ਹਾਜ਼ਰ ਸਾਂ ਮੈਂ
ਤੇਰੀ ਤੱਕਣੀ ਜਦੋਂ ਛਿਲਤੀ ਕਿਰਨ ਵਾਂਗੂੰ
ਮੇਰੇ ਵਿਰਲਾਂ 'ਚੋਂ ਝਾਕਦੀ ਸੀ
ਮੇਰੇ ਅੰਦਰ ਜੋ ਇਕ ਸੂਰਜ ਜਿਹਾ ਤੂੰ ਬਾਲ ਧਰਿਆ ਸੀ
ਉਹਦੇ ਚਾਨਣ 'ਚ ਮੇਰੀ ਹਉਂ ਵਿਆਕੁਲ ਸੀ
ਮੈਂ ਆਪਣੇ ਆਪ ਨੂੰ ਪੁੱਛਦਾ ਪਿਆ ਸਾਂ
ਮੇਰੇ ਧੜ 'ਤੇ ਮੇਰਾ ਸਿਰ ਹੈ ਜਾਂ ਸਿਰ ਦਾ ਦੰਭ ਹੈ
ਜੋ ਵਿਖਾਇਆ ਜਾ ਤਾਂ ਸਕਦੈ
ਵਰਤਿਆ ਬਿਲਕੁਲ ਨਹੀਂ ਜਾਂਦਾ
ਮੈਂ ਆਪਣਾ ਆਪ ਹਾਂ ਜਾਂ ਅਜਨਬੀ ਹਾਂ
ਮੈਨੂੰ ਹੁਣ ਆਪਣੀ ਹੀ ਹਾਜ਼ਰੀ ਇੱਕ ਭਾਰ ਲੱਗਦੀ ਸੀ
ਤੇ ਭਰੇ ਮੇਲੇ ਦੀ ਚੁੱਪ
ਬੋਝ ਸੀ ਉਪਹਾਸ ਦਾ।

*ਤੇ ਚਮਤਕਾਰਾ ਜਦੋਂ ਹੋਇਆ*
*ਉਦੋਂ ਹਾਜ਼ਰ ਸਾਂ ਮੈਂ*
*ਮੇਰੇ ਲਾਗੇ ਹੀ ਬੈਠਾ ਸੀ ਚਮਤਕਾਰੀ*
*ਜਿਨ੍ਹੇ ਆਪਣੇ ਹੀ ਹੱਥੀਂ ਸੀਸ ਲਾਹ ਕੇ ਆਪਣਾ*
*ਸਹਿਜੇ ਟਿਕਾ ਦਿੱਤਾ ਤੇਰੇ ਚਰਨੀਂ*

ਤੇਰੇ ਹੱਥਾਂ 'ਚ ਅਚਲ ਤਲਵਾਰ ਵੀ
ਛਿਣ ਭਰ ਲਈ ਥੱਰਰਾ ਗਈ ਸੀ
ਮੁਅਜ਼ਜ਼ਾ ਤੱਕ ਕੇ।

*ਸੀਸ ਵਾਲੇ ਸੀਸ ਅਰਪਨ ਵਾਸਤੇ*
*ਤਲਵਾਰ ਦੇ ਮੁਹਤਾਜ ਨਹੀਂ ਹੁੰਦੇ*
*ਚਮਤਕਾਰੀ ਨੇ ਸੀਸ ਆਪਣਾ*
*ਇਉਂ ਸਹਿਜੇ ਟਿਕਾਇਆ ਸੀ ਤੇਰੇ ਚਰਨੀਂ*
*ਜਿਵੇਂ ਅੰਬਰ ਦੇ ਪੈਰੀਂ*
*ਨਿਤ ਸਵੇਰਾ ਆਪਣਾ ਸੂਰਜ ਬਾਲ ਧਰਦਾ ਹੈ।*

ਤ੍ਰਭਕ ਕੇ ਉਠੀ ਸੀ ਮੇਰੀ ਜਾਨ
ਮੁੜ ਕੇ ਵਿਰਲ 'ਚੋ ਡੁਲ੍ਹ ਜਾਣ ਲਈ
ਕੀਲ ਵਿਚ ਬੱਝਾ ਹੋਇਆ ਮੇਲਾ
ਰਤਾ ਕੁ ਹਿੱਲ ਕੇ ਥਿਰ ਹੋ ਗਿਆ
ਚੁੱਪ ਬਰੜਾਈ ਰਤਾ
ਤੇ ਫਿਰ ਥਰੇਤੇ ਸੌਂ ਗਈ
ਤੇ ਚਮਤਕਾਰੀ ਪੁਰਖ ਇਕ ਹੋਰ
ਹੋਰ ਤੇ ਇਕ ਹੋਰ ਤੇ ਇਕ ਹੋਰ
ਇਕ ਗਗਨ ਇੱਕੋ ਸਮੇਂ ਕਈ ਸੂਰਜ ਉਦੈ ਹੋਏ
ਤੇ ਮੈਂ ਬੇਸੀਸਾ ਧੀਰਿਆ
ਸ਼ੁਕਰ ਹੈ, ਹੁਣ ਗੁਰੂ ਨੂੰ ਲੋੜ ਨਹੀਂ।

*ਤੇ ਜਦੋਂ ਤੂੰ ਸੀਸ ਨੂੰ*
*ਦਸਤਾਰ ਦਾ ਸਤਿਕਾਰ ਦੇ ਕੇ*
*ਤਖ਼ਤ ਉੱਤੇ ਪਾਸ ਆਪਣੇ ਹੀ ਬਿਠਾਇਆ ਸੀ*
*ਮੈਂ ਝੁਰਿਆ:*
*ਹਾਇ ਜੇ ਪਹਿਲਾਂ ਪਤਾ ਹੁੰਦਾ*
*ਕਿ ਏਨਾਂ ਪਿਆਰ ਦੇ ਕੇ*
*ਸਤਿਗੁਰੂ ਨੇ ਸੀਸ ਵਾਪਸ ਮੋੜ ਦੇਣਾ ਹੈ*
*ਤਾਂ ਮੈਂ* ..................
*ਤਾਂ ਮੈਂ* ..................

ਮੰਨਿਆਂ ਕਿ ਮੇਰੇ ਧੜ ਤੇ ਮੇਰਾ ਸੀਸ ਨਹੀਂ
ਸੀਸ ਦਾ ਪਾਖੰਡ ਤਾਂ ਹੈ।
ਮੈ ਇਹ ਪਾਖੰਡ ਹੀ ਆਪਣੇ ਗੁਰੂ ਨੂੰ ਭੇਟ ਕਰਦਾ
ਪਰ ਨਹੀਂ

ਤੇਰੀ ਤੱਕਣੀ ਅਜੇ ਛਿਲਤੀ ਕਿਰਨ ਵਾਂਗੂੰ
ਮੇਰੇ ਵਿਰਲਾਂ 'ਚੋ ਅੰਦਰ ਝਾਕਦੀ ਸੀ।

*ਮੇਰੇ ਅੰਦਰ ਤੂੰ ਇਕ ਸੂਰਜ ਜਿਹਾ ਜੋ ਬਾਲ ਧਰਿਆ ਸੀ*
*ਉਹ ਜੀਉਂਦਾ ਜਾਗਦਾ ਸੀ*
*ਤੇ ਕਹਿ ਰਿਹਾ ਸੀ:*
*ਏਸ ਥਾਂਵੇਂ ਦੰਭ ਦਾ ਸਿੱਕਾ ਨਹੀਂ ਚੱਲਦਾ*
*ਸੀਸ ਅਰਪਨ ਕਰਨ ਦਾ ਵੇਲਾ ਹੈ, ਪਰ*
*ਆਪਣੇ ਧੜ ਤੇ ਸੀਸ ਪੈਦਾ ਕਰ।*

ਮੈ ਤੇਰੇ ਦਰਬਾਰ ਵਿੱਚ
ਹਾਲੇ ਵੀ ਹਾਜ਼ਰ ਹਾਂ
ਮੈਂ ਆਪਣੀ ਥਾਂ ਤੇ ਬੈਠਾ ਹਾਂ
ਬਿਰਛ ਵਾਗੂੰ
ਜਿਨ੍ਹੂੰ ਮੁੱਢੋਂ ਕਿਸੇ ਨੇ ਚਾਰ ਹੱਥ ਛਡ ਕੇ
ਸਬੂਤਾ ਵੱਢ ਦਿੱਤਾ ਸੀ
ਮੇਰੇ ਧੜ ਤੇ ਅਜੇ ਤੀਕਰ ਵੀ ਮੇਰਾ ਸੀਸ ਨਹੀਂ
ਪਰ ਸੀਸ ਦਾ ਪਾਖੰਡ ਵੀ ਨਹੀਂ।

*ਸੋਚਦਾ ਹਾਂ:*
*ਮੇਰੇ ਧੜ ਤੇ ਨਵੇਂ ਸੂਰਜ ਜਿਹਾ*
*ਜਦ ਸੀਸ ਉੱਗੇਗਾ*
*ਰੌਸ਼ਨੀ ਉਸਦੀ*
*ਗੁਰੂ ਦਾ ਨਾਮ ਲੈ ਕੇ ਅਰਪ ਦੇਵਾਂਗਾ*
*ਨਿਰੀ ਨੰਗੀ ਨਿਕੱਦੀ ਹੀਣਤਾ*
*ਮੈਥੋਂ ਹੁਣ ਜੀਵੀ ਨਹੀਂ ਜਾਂਦੀ।*

ਅੰਮ੍ਰਿਤ ਕੀਰਤਨ

ਆਨਰੇਰੀ ਸੰਪਾਦਕ : ਡਾ. ਜਾਗੀਰ ਸਿੰਘ
ਮੁੱਲ : 10 ਰੁਪਏ ਅਪ੍ਰੈਲ 1998

# ਅੰਮ੍ਰਿਤ ਕੀਰਤਨ

ਕੀਰਤਨ ਤੇ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਪੱਤਰ

ਅੰਕ 4 ਸਾਲ ਦਸਵਾਂ ਅਪ੍ਰੈਲ 1998



ਮਿੱਤਰ ਅਸਾਡੜੇ ਸੇਈ 2

ਕਰਉ ਬੇਨੰਤੀਆ 3

ਡਾ ਜਾਗੀਰ ਸਿੰਘ

Baptism of the Double-edged Sword 4

Dalip Singh

ਸੁਆਲ ਜੋ ਜੁਆਬ ਮੰਗਦੇ ਹਨ 7

ਕੁਲਦੀਪ ਸਿੰਘ ਜ਼ਖਮੀ

ਸਾਧ ਸੰਗਤ

ਪ੍ਰੋ. ਬਲਵਿੰਦਰ ਸਿੰਘ 8

ਕਲਾਕਾਰ ਤੇ ਬਲੀਦਾਨ 9

ਪ੍ਰੋ. ਪਿਆਰਾ ਸਿੰਘ ਪਦਮ

Oneness of Humankind-
A Universal Principle 10

Dr. (Bhai) Harbans Lal

ਬਸੰਤ ਕੀ ਵਾਰ ਅਤੇ ਇਕ ਘਟਨਾ 15

ਗਿਆਨੀ ਆਵਤ ਸਿੰਘ

ਰਾਗਮਾਲਾ - ਵਰਗੀਕਰਣ 16

ਗਿਆਨੀ ਆਵਤ ਸਿੰਘ

ਨੋਟੇਸ਼ਨ ਵਾਲੇ ਸ਼ਬਦਾਂ ਦੇ ਅਰਥ 18

ਸੁਰ ਲਿਪੀ : ਰਾਗ ਗਉੜੀ ਮਾਲਵਾ 19

ਉਸਤਾਦ ਸੁਰਜੀਤ ਸਿੰਘ

ਸੁਰ ਲਿਪੀ : ਰਾਗ ਸਾਰੰਗ 20

ਡਾ. ਮਿਸ ਮਨਵਿੰਦਰ ਕੌਰ

Matrimonial 21

ਸੰਗੀਤ ਲਿਪੀ ਚਿੰਨ੍ਹ 22

'ਅੰਮ੍ਰਿਤ ਕੀਰਤਨ' ਲਈ ਮਾਇਕ ਸਹਾਇਤਾ 23

ਜੰਤਰੀ 24



ਸੰਪਾਦਕ (ਆਨਰੇਰੀ)

ਡਾ. ਜਾਗੀਰ ਸਿੰਘ

ਐਮ. ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ) ਪੀ. ਐਚ. ਡੀ.

**ਕਾਰਜਕਾਰੀ ਸੰਪਾਦਕ**

ਡਾ. ਤ੍ਰਿਲੋਚਨ ਸਿੰਘ ਤਰਸੀ

**ਸਹਿਯੋਗੀ**

ਡਾ. ਕਰਨੈਲ ਸਿੰਘ ਸੋਮਲ
ਡਾ. ਹਰਨੇਕ ਸਿੰਘ ਕਲੇਰ
ਸ. ਜੋਤਿੰਦਰ ਸਿੰਘ ਸੋਹਲ
ਸ. ਹਰਭਜਨ ਸਿੰਘ ਚੋਪੜਾ
ਸ. ਉੱਤਮ ਸਿੰਘ
ਪ੍ਰੋ. ਸਤਵਿੰਦਰ ਸਿੰਘ
ਸ. ਕੇ. ਐਸ. ਚੁਘ

**ਚਿੱਤਰਕਾਰ**

ਗੁਰਦੀਪ ਸਿੰਘ ਦੀਪ

**ਸਰਪ੍ਰਸਤ**

ਭਾਈ ਹੀਰਾ ਸਿੰਘ ਮੈਮੋਰੀਅਲ ਟ੍ਰਸਟ (ਰਜਿ.)
1051 ਸੈਕਟਰ 27 ਬੀ,
ਚੰਡੀਗੜ੍ਹ
ਫੋਨ- 650696


**ਚੰਦੇ ਦਾ ਵੇਰਵਾ:**

| | |
|---|---|
| ਇਕ ਕਾਪੀ | 10 ਰੁ. |
| ਸਲਾਨਾ | 100 ਰੁ. |
| ਜੀਵਨ ਮੈਂਬਰ (15 ਸਾਲ) | 1000 ਰੁ. |
| ਵਿਦੇਸ਼ ਸਲਾਨਾ | 500 ਰੁ. |
| ਜੀਵਨ ਮੈਂਬਰ (15 ਸਾਲ) | 5000 ਰੁ. |

**ਚਿੱਠੀ ਪੱਤਰ ਲਈ ਪਤਾ :**

ਅੰਮ੍ਰਿਤ ਕੀਰਤਨ ਟ੍ਰਸਟ ਰਜਿ.
422, ਸੈਕਟਰ 15-ਏ,
ਚੰਡੀਗੜ੍ਹ -160 015
ਫੋਨ : 772660
782452

| ਇਸ਼ਤਿਹਾਰਾਂ ਦਾ ਵੇਰਵਾ | ਦੇਸ | ਵਿਦੇਸ |
|---|---|---|
| ਪਿਛਲਾ ਕਵਰ | 5000 ਰੁ. | 10,000 ਰੁ. |
| ਕਵਰ ਦੇ ਅੰਦਰਲੇ ਪੰਨੇ | 3000 ਰੁ. | 7500 ਰੁ. |
| ਸਧਾਰਨ ਪੂਰਾ ਪੰਨਾ | 2000 ਰੁ. | 5000 ਰੁ. |
| ਸਧਾਰਨ ਅੱਧਾ ਪੰਨਾ | 1000 ਰੁ. | 2500 ਰੁ. |
| ਸਧਾਰਨ ਚੌਥਾਈ ਪੰਨਾ | 500 ਰੁ. | 1500 ਰੁ. |

* ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

* 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ ਚੰਡੀਗੜ੍ਹ ਦੇ ਪੱਤਰ ਨੰ 4-8-90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਨਿਤ ਹੈ।

* 'ਅੰਮ੍ਰਿਤ ਕੀਰਤਨ' ਲਈ ਚੈੱਕ/ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।


ਡਾ. ਜਾਗੀਰ ਸਿੰਘ ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਿਰਜ਼ ਅਤੇ ਸਟੇਸ਼ਨਰਜ਼ ਐਸ. ਸੀ. ਐਫ. 107, ਫੇਜ਼-7, ਮੋਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

## ਮਿੱਤਰ ਅਸਾਡੜੇ ਸੇਈ

ਜਨਵਰੀ 1998 ਦਾ 'ਅੰਮ੍ਰਿਤ ਕੀਰਤਨ' ਪੜ੍ਹ ਕੇ ਬੇਹਦ ਖੁਸ਼ੀ ਹੋਈ। 'ਮਿੱਤਰ ਅਸਾਡੜੇ ਸੇਈ' ਦੇ ਪਹਿਲੇ ਕਾਲਮ ਵਿੱਚ ਇਕ ਪਾਠਕ ਸੱਜਣ ਸੰਗੀਤ ਸਿਖਲਾਈ ਲਈ ਅਵਰੋਹੀ ਦੀਆਂ ਸਰਗਮਾਂ ਭੇਜ ਕੇ ਯੋਗਦਾਨ ਪਾਉਣ ਲਈ ਮੁਬਾਰਕਬਾਦ ਦੇ ਹਕਦਾਰ ਹਨ। ਆਪ ਜੀ ਵਲੋਂ 'ਸੁਨਹਿਰੀ ਗੁਰ' ਦੱਸਣ ਲਈ ਧੰਨਵਾਦ। ਨਿ੍ਸੰਦੇਹ ਨੀਂਦ ਤਿਆਗ ਕੇ ਸਮਾਂ ਲਭਿਆ ਜਾ ਸਕਦਾ ਹੈ। ਆਪ ਦੀ ਆਸਟ੍ਰੇਲੀਆ ਫੇਰੀ ਅਤੇ ਮਿਸਟਰ ਰੌਡ ਨਾਲ ਸੈਰ ਦੀ ਝਾਕੀ ਅਤੇ ਇੰਟਰਕਾਸਟ ਮੈਰਿਜ ਦੀ ਕਾਮਯਾਬੀ ਬੜੀ ਦਿਲਚਸਪ ਹੈ। ਵਾਹਿਗੁਰੂ ਮੇਹਰ ਕਰਕੇ ਐਸੇ ਵਧੀਆ ਬੰਦਿਆਂ ਦੀ ਰਖਿਆ ਕਰਨ ਅਤੇ ਪ੍ਰਵੀਨ ਕੌਰ ਬੀਬੀ ਨੂੰ ਸਿੱਖੀ ਵਿਚ ਦ੍ਰਿੜ ਰਹਿਣ ਦੀ ਹਿੰਮਤ ਬਖਸ਼ਣ। Ajit Singh Paintal's article in English regarding Ragis & Rabibs is a unique step, I hope you will carry on with this in future as well . ਆਪ ਵਲੋਂ ਭੇਜਿਆ 'ਹੁਕਮਨਾਮਾ' ਇਕ ਅਦੁਤੀ ਤੋਹਫਾ ਹੈ।

ਕੁਵੈਂਟਰੀ ਯੂ.ਕੇ. ਗਿਆਨ ਸਿੰਘ ਚੌਹਾਨ

ਜਨਵਰੀ ਦੇ 'ਅੰਮ੍ਰਿਤ ਕੀਰਤਨ' ਵਿਚ ਆਪ ਨੇ ਬੜਾ ਸੁਨਹਿਰੀ ਗੁਰ ਦੱਸਿਆ ਹੈ। ਇਹ ਕੀਰਤਨ ਸਿੱਖਣ ਲਈ ਅਤਿ ਲਾਭਦਾਇਕ ਸਿੱਧ ਹੋ ਸਕਦਾ ਹੈ। ਪ੍ਰੋ. ਕਰਤਾਰ ਸਿੰਘ ਜੀ ਦਾ ਲੇਖ 'ਕੀਰਤਨ ਪਰੰਪਰਾ' ਹਰ ਰਾਗੀ ਜੱਥੇ ਅਤੇ ਕੀਰਤਨੀਏ ਨੂੰ ਕਾਇਦੇ ਵਾਂਗ ਰਟ ਲੈਣਾ ਚਾਹੀਦਾ ਹੈ। ਡਾ. ਤ੍ਰਿਲੋਚਨ ਸਿੰਘ ਤਰਸੀ ਦੇ ਭਗਤ ਬਾਣੀ ਕੀਰਤਨ ਪੀਪਾ ਜੀ ਅਤੇ ਸੈਨ ਜੀ ਲੇਖ ਤੋਂ ਵਧੀਆ ਜਾਣਕਾਰੀ ਮਿਲਦੀ ਹੈ। ਆਪ ਇਸ ਕੈਸਟ ਲਈ ਵਧਾਈ ਦੇ ਪਾਤਰ ਹੋ। ਫਰਵਰੀ ਅੰਕ ਵਿਚ ਪ੍ਰਿੰ. ਦਿਆਲ ਸਿੰਘ ਜੀ ਨੇ ਭਾਈ ਸਮੁੰਦ ਸਿੰਘ ਜੀ ਸੰਬੰਧੀ ਬਹੁਤ ਸੁਹਣੇ ਢੰਗ ਨਾਲ ਲਿਖਿਆ ਹੈ। ਮੈਨੂੰ ਯਾਦ ਹੈ ਅੱਜ ਤੋਂ 40 ਕੁ ਸਾਲ ਪਹਿਲਾਂ ਪ੍ਰਿੰਸੀਪਲ ਦਿਆਲ ਸਿੰਘ ਸ਼੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਭਿੰਨ ਭਿੰਨ ਰਾਗੀ ਜਥਿਆਂ ਨਾਲ ਦਿਲਰੁਬਾ ਨਾਲ ਬੜੀ ਮਿੱਠੀ ਸੰਗਤ ਕਰਿਆ ਕਰਦੇ ਸਨ। 'ਅੰਮ੍ਰਿਤ ਕੀਰਤਨ' ਦੇ ਸਰੂਪ ਵਿਚ ਬਹੁਤ ਨਿਖਾਰ ਆਇਆ ਹੈ।

ਚਰਨ ਸਿੰਘ ਕਲਕਤਾ

ਅੱਜ ਦੇ ਸਮੇਂ ਵਿਚ ਯੋਗ ਵਰ ਲਭਣ ਵਿਚ ਮਾਪਿਆਂ ਨੂੰ ਜੋ ਦਿਕਤਾਂ ਆ ਰਹੀਆਂ ਹਨ 'ਅੰਮ੍ਰਿਤ ਕੀਰਤਨ' ਨੇ ਉਹਨਾਂ ਨੂੰ ਮਹਿਸੂਸ ਕਰਦਿਆਂ 'ਗੁਰਮੁਖ ਢੂਢ ਢੂਢੇਦਿਆਂ' ਸ਼ੁਰੂ ਕੀਤਾ ਹੈ। ਇਹ ਬੜਾ ਸ਼ਲਾਘਾ ਯੋਗ ਹੈ। 'ਅੰਮ੍ਰਿਤ ਕੀਰਤਨ' ਦੀ ਚੜ੍ਹਦੀ ਕਲਾ ਦੀ ਕਾਮਨਾ ਕਰਦੇ ਹਾਂ।

ਜਲੰਧਰ ਸ਼ਹਿਰ ਸਤਵੰਤ ਕੌਰ

ਫਰਵਰੀ ਅੰਮ੍ਰਿਤ ਕੀਰਤਨ ਵਿਚ ਸ੍ਰੀ ਦਰਬਾਰ ਸਾਹਿਬ ਤੋਂ ਪਹਿਲੀ ਜਨਵਰੀ ਵਾਲੇ ਦਿਨ ਪਰਸਾਰਿਤ ਹੁਕਮਨਾਮਾ ਛਾਪਣ ਲਈ ਧੰਨਵਾਦ। ਪ੍ਰਿੰਸੀਪਲ ਦਿਆਲ ਸਿੰਘ ਜੀ ਦਾ ਲੇਖ ਅਦੁਤੀ ਸ਼ਖਸ਼ੀਅਤ ਭਾਈ ਸਮੁੰਦ ਸਿੰਘ ਜੀ, ਮੇਜਰ ਆਗਿਆਪਾਲ ਸਿੰਘ ਜੀ ਵਲੋਂ ਭਾਈ ਹੀਰਾ ਸਿੰਘ ਜੀ ਦੀ ਯਾਦ ਵਿਚ ਸਮਾਗਮ ਦੀ ਰਿਪੋਰਟ, ਨੋਟੇਸ਼ਨਾਂ ਅਤੇ 'ਗੁਰਮੁਖ ਢੂਢ ਢੂਢੇਦਿਆ ਪਸੰਦ ਆਏ।

ਮਲੋਟ ਐ. ਐਸ. ਸਚਦੇਵਾ

'ਅੰਮ੍ਰਿਤ ਕੀਰਤਨ' ਕੀ ਜਿਤਨੀ ਤਾਰੀਫ ਕੀਤੀ ਜਾਵੇ ਥੋੜ੍ਹੀ ਹੈ। ਮਹੀਨਾ ਚੜ੍ਹਦਾ ਹੈ ਤਾਂ ਪਰਚੇ ਦੀ ਉਡੀਕ ਸ਼ੁਰੂ ਹੋ ਜਾਂਦੀ ਹੈ। ਵਾਹਿਗੁਰੂ ਅੰਮ੍ਰਿਤ ਕੀਰਤਨ ਨੂੰ ਚੜ੍ਹਦੀ ਕਲਾ ਬਖਸ਼ੇ।

ਲਖਨਊ ਹਰਬੰਸ ਸਿੰਘ

'ਅੰਮ੍ਰਿਤ ਕੀਰਤਨ' ਹੁਣ ਵਧੀਕ ਪ੍ਰਸੰਨਤਾ ਪ੍ਰਦਾਨ ਕਰ ਰਿਹਾ ਹੈ। ਸਾਡੀ ਲਾਇਬ੍ਰੇਰੀ ਦਾ ਸ਼ਿੰਗਾਰ ਬਣ ਰਿਹਾ ਹੈ। ਇਸ ਨੇ ਪੁਰਾਤਨ ਕੀਰਤਨ ਕਲਾ ਨੂੰ ਸੁਰਜੀਤ ਕਰਨ ਵਿਚ ਅਹਿਮ ਹਿੱਸਾ ਪਾਇਆ ਹੈ। ਮੇਰੀ ਇੱਛਾ ਹੈ ਇਸ ਮਾਸਿਕ ਪੱਤਰ ਵਿਚ ਵਾਇਲਨ, ਸਿਤਾਰ, ਸਰੋਦ ਆਦਿ ਦੀਆਂ ਗੀਤਾਂ, ਗੁਰੂ ਗ੍ਰੰਥ ਸਾਹਿਬ, ਦਸਮ ਗ੍ਰੰਥ ਸਾਹਿਬ ਅਤੇ ਸਰਬਲੋਹ ਗ੍ਰੰਥ ਸਾਹਿਬ ਵਿਚ ਆਏ ਰਾਗਾਂ ਦੀਆਂ ਪ੍ਰਚਲਤ ਅਪ੍ਰਚਲਤ ਤਾਲਾਂ ਵਿਚ ਬੰਦਸ਼ਾਂ ਅਤੇ ਤਾਲ ਸੰਬੰਧੀ ਸਮਗਰੀ ਵਧ ਤੋਂ ਵਧ ਲਿਖੀ ਜਾਵੇ।

ਗੁ: ਜਨਮ ਸਥਾਨ ਚੀਮਾਂ ਸਾਹਿਬ ਉਸਤਾਦ ਸੁਰਜੀਤ ਸਿੰਘ

'ਅੰਮ੍ਰਿਤ ਕੀਰਤਨ' ਲਈ ਕਾਮਨਾ ਕਰਦੇ ਹਾਂ ਕਿ ਹਰ ਨਵੀਂ ਸਵੇਰ ਦਾ ਸੂਰਜ ਇਸ ਲਈ ਤਰਕੀ ਦੀਆਂ ਕਿਰਨਾ ਬਿਖੇਰਦਾ ਉਦੇ ਹੋਵੇ।

ਜਨਵਰੀ ਅੰਕ ਵਿਚ ਸੁਨਹਿਰੀ ਗੁਰ ਦੱਸਣ ਲਈ ਬਹੁਤ ਬਹੁਤ ਧੰਨਵਾਦ।

ਗੜ੍ਹਦੀਵਾਲਾ ਬਲਵਿੰਦਰ ਸਿੰਘ

'ਅੰਮ੍ਰਿਤ ਕੀਰਤਨ' ਦੇ ਮਾਰਚ ਅੰਕ ਵਿਚ ਪੱਤਰ ਸ਼ਲਾਘਾਯੋਗ ਸਨ। ਆਪਨੇ ਅਨੰਦ ਕਾਰਜ ਵਿਚ ਸਮੇਂ ਦੀ ਪਾਬੰਦੀ ਬਾਰੇ ਠੀਕ ਲਿਖਿਆ ਹੈ। ਪ੍ਰੋ. ਜੋਧ ਸਿੰਘ, ਬੇਦੀ ਲਾਲ ਸਿੰਘ ਜੀ, ਮਿਸ ਮਨਵਿੰਦਰ ਕੌਰ ਦੇ ਲੇਖ ਵਧੀਆ ਸਨ। ਕੈਸਟ ਸਮੀਖਿਆ ਅਤੇ ਅਮਰੀਕਾ ਯਾਤਰਾ ਵੀ ਦਿਲਚਸਪੀ ਭਰਪੂਰ ਹੈ।

ਮਲੋਟ ਮੰਗਤ ਸਿੰਘ ਮਸਤਨਾ

ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ

**'ਗੁਰਸਿੱਖ ਸੰਜੋਗ'**

(ਪੰਦਰਾ-ਰੋਜ਼ਾ ਪੱਤਰ)

ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ, ਪੂਸਾ ਰੋਡ,
ਨਵੀਂ ਦਿੱਲੀ-110 060 ਫੋਨ : 5735955

# ਕਰਉ ਬੇਨੰਤੀਆਂ

*ਸ਼ਬਦ ਗਾਇਨ ਮੁਕਾਬਲੇ*

ਪਿਛੇ ਜਿਹੇ ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਸਕੂਲੀ ਵਿਦਿਆਰਥੀਆਂ ਦੇ ਵਖ ਵਖ ਕਲਾਵਾਂ ਸੰਬੰਧੀ ਕਰਵਾਏ ਜਾਂਦੇ ਵਿੱਦਿਅਕ ਮੁਕਾਬਲਿਆਂ ਨੂੰ ਹੋਰ ਚੰਗੇਰਾ ਬਣਾਉਣ ਲਈ ਇਕ ਤਿੰਨ ਰੋਜ਼ਾ ਵਰਕਸ਼ਾਪ ਲਗਾਈ ਗਈ। ਇਸ ਵਿਚ ਸਕੂਲਾਂ ਦੇ ਅਧਿਆਪਕਾਂ ਤੋਂ ਇਲਾਵਾ ਵਖ-ਵਖ ਕਲਾਵਾਂ ਨਾਲ ਸੰਬੰਧਤ ਵਿਦਵਾਨ ਵੀ ਸ਼ਾਮਲ ਹੋਏ। ਇਸ ਵਰਕਸ਼ਾਪ ਵਿਚ ਸ਼ਬਦ-ਗਾਇਨ ਸੰਬੰਧੀ ਭਰਪੂਰ ਵਿਚਾਰ ਵਟਾਂਦਰੇ ਉਪਰੰਤ ਜੋ ਨਿਰਣੇ ਸਪਸ਼ਟ ਹੋਏ ਉਹਨ੍ਹਾਂ ਨੂੰ ਤੁਹਾਡੇ ਨਾਲ ਸਾਂਝਾ ਕਰਨ ਦੀ ਖੁਸ਼ੀ ਲੈ ਰਿਹਾ ਹਾਂ।

ਇਸ ਵੇਲੇ ਸਾਡੇ ਸਕੂਲਾਂ ਵਿਚ ਪੜ੍ਹਨ-ਲਿਖਣ ਤੱਕ ਸੀਮਤ ਜਿਹੜੀ ਵਿੱਦਿਆ ਦਿੱਤੀ ਜਾ ਰਹੀ ਹੈ ਉਸ ਨਾਲ ਵਿਦਿਆਰਥੀ ਦੀ ਸ਼ਖਸੀਅਤ ਦਾ ਪੂਰਾ ਵਿਕਾਸ ਨਹੀਂ ਹੁੰਦਾ। ਇਸ ਲਈ ਜ਼ਰੂਰੀ ਹੈ ਕਿ ਉਸ ਵਿਚ ਹੋਰ ਮਨੁਖੀ ਗੁਣਾਂ ਅਤੇ ਕਲਾਵਾਂ ਨੂੰ ਵਿਕਸਿਤ ਹੋਣ ਲਈ ਮੌਕੇ ਦਿੱਤੇ ਜਾਣ। ਜਦੋਂ ਵਿਦਿਆਰਥੀ ਇਹਨਾਂ ਕਲਾਵਾਂ ਦੇ ਮੁਕਾਬਲਿਆਂ ਵਿਚ ਸ਼ਾਮਲ ਹੁੰਦੇ ਹਨ ਤਾਂ ਉਹ ਮੁਕਾਬਲੇ ਦੀ ਭਾਵਨਾ ਵਿਚ ਵਧੇਰੇ ਗ੍ਰਸਤ ਹੋ ਜਾਂਦੇ ਹਨ ਤੇ ਕੇਵਲ ਪਹਿਲੇ-ਦੂਜੇ ਦਰਜੇ ਆਉਣ ਨੂੰ ਹੀ ਅਪਨਾ ਮੰਤਵ ਸਮਝ ਲੈਂਦੇ ਹਨ। ਜੇ ਉਹ ਇਸ ਮੰਤਵ ਵਿਚ ਸਫਲ ਨਹੀਂ ਹੁੰਦੇ ਤਾਂ ਉਹ ਸਮਝਦੇ ਹਨ ਕਿ ਉਹਨਾਂ ਦੀ ਸਾਰੀ ਮਿਹਨਤ ਵਿਯਰਥ ਚਲੀ ਗਈ।

ਅਸਲ ਵਿਚ ਇਹਨਾਂ ਮੁਕਾਬਲਿਆਂ ਰਾਹੀਂ ਅਧਿਆਪਕਾਂ ਅਤੇ ਮਾਪਿਆਂ ਨੇ ਵਿਦਿਆਰਥੀਆਂ ਵਿਚ ਛਿਪੇ ਹੋਏ ਉਹਨਾਂ ਗੁਣਾਂ ਨੂੰ ਟਟੋਲਣਾ ਹੈ ਜਿਹੜੇ ਸਾਡੀ ਰਸਮੀ ਸਿੱਖਿਆ ਤੋਂ ਪਾਸੇ ਰਹਿ ਜਾਂਦੇ ਹਨ। ਵਿਦਿਆਰਥੀ ਜਦੋਂ ਕਿਸੇ ਕਲਾ ਜਾਂ ਸ਼ਬਦ-ਗਾਇਨ ਦੀ ਤਿਆਰੀ ਕਰਦੇ ਹਨ ਤਾਂ ਸਾਨੂੰ ਪਤਾ ਲੱਗ ਜਾਂਦਾ ਹੈ ਕਿ ਕਿਹੜੇ ਵਿਦਿਆਰਥੀ ਵਿਚ ਸ਼ਬਦ ਗਾਇਣ ਦੀ ਕਲਾ ਬਿਰਾਜਮਾਨ ਹੈ। ਫਿਰ ਅਸੀਂ ਉਸ ਨੂੰ ਇਸ ਕਲਾ ਦੀ ਤਿਆਰੀ ਕਰਵਾਉਂਦੇ ਹਾਂ। ਇਹ ਤਿਆਰੀ ਕਰਨ ਨਾਲ ਵਿਦਿਆਰਥੀ ਨੂੰ ਅਨੁਸ਼ਾਸਨ ਵਿਚ ਰਹਿ ਕੇ ਰਿਆਜ਼ ਅਤੇ ਮਿਹਨਤ ਕਰਨ ਦੀ ਜਾਚ ਆਉਂਦੀ ਹੈ। ਸ਼ਬਦ ਗਾਇਨ ਦੀ ਤਿਆਰੀ ਕਰਦਿਆਂ ਜਦੋਂ ਉਹ ਸੁਰ ਅਤੇ ਤਾਲ ਦਾ ਰਿਆਜ਼ ਕਰਦਾ ਹੈ ਤਾਂ ਇਸ ਦਾ ਪ੍ਰਭਾਵ ਉਸ ਦੀ ਸਮੁਚੀ-ਜੀਵਨ ਸ਼ੈਲੀ ਉੱਪਰ ਪੈਂਦਾ ਹੈ। ਸ਼ਬਦ ਗਾਇਨ ਦੇ ਪ੍ਰਭਾਵ ਨੂੰ ਵਧਾਉਣ ਲਈ ਉਸ ਨੂੰ ਸ਼ਬਦ ਦੇ ਅਰਥ ਦੱਸੇ ਜਾਂਦੇ ਹਨ ਗੁਰਬਾਣੀ ਦਾ ਇਹ ਅਰਥ ਭਾਵ ਵੀ ਉਸ ਦੇ ਜੀਵਨ ਉਤੇ ਪ੍ਰਭਾਵ ਪਾਉਂਦਾ ਹੈ।

ਸ਼ਬਦ ਗਾਇਨ ਮੁਕਾਬਲੇ ਲਈ ਵਿਦਿਆਰਥੀ ਜਦੋਂ ਸੈਂਟਰ ਵੱਲ ਆਉਂਦੇ ਹਨ ਤਾਂ ਉਹਨਾਂ ਦਾ ਮੇਲ ਹੋਰ ਵਿਦਿਆਰਥੀਆਂ ਨਾਲ ਹੁੰਦਾ ਹੈ। ਉਹਨਾਂ ਨੂੰ ਚੰਗਾ ਵਿਵਹਾਰ ਕਰਨ ਦਾ ਤਰੀਕਾ ਆਉਂਦਾ ਹੈ। ਟੀਮ ਰੂਪ ਵਿਚ ਕੰਮ ਕਰਦਿਆਂ ਵੀ ਉਹਨਾਂ ਨੂੰ ਇਕ ਦੂਜੇ ਨਾਲ ਵਿਚਰਨਾ ਪੈਂਦਾ ਹੈ। ਸਟੇਜ ਉੱਪਰ ਆਉਣ ਨਾਲ ਉਹਨਾਂ ਦਾ ਲੋਕਾਂ ਦੇ ਸਾਹਮਣੇ ਬੋਲਣ ਦਾ ਝਾਕਾ ਖੁਲ੍ਹਦਾ ਹੈ। ਇਹਨਾਂ ਮੁਕਾਬਲਿਆਂ ਸਮੇਂ ਇਕ ਸਕੂਲ ਦੇ ਵਿਦਿਆਰਥੀ ਕਈ-ਕਈ ਕਲਾ ਮੁਕਾਬਲਿਆਂ ਵਿਚ ਹਿੱਸਾ ਲੈਂਦੇ ਹਨ। ਉਹਨਾਂ ਦਾ ਕੋਈ ਆਪਣਾ ਸਾਥੀ ਜਿੱਤਦਾ ਹੈ ਅਤੇ ਕੋਈ ਹੋਰ ਸਾਥੀ ਹਾਰਦਾ ਹੈ ਇਸ ਲਈ ਜਿੱਤਣ ਵਾਲਾ ਆਪਣੀ ਜਿੱਤ ਦੀ ਇਤਨੀ ਖੁਸ਼ੀ ਨਹੀਂ ਮਨਾਉਂਦਾ ਕਿ ਉਸ ਦੇ ਹਾਰਨ ਵਾਲੇ ਸਾਥੀ ਨੂੰ ਮਹਿਸੂਸ ਹੋਵੇ। ਹਾਰਨ ਵਾਲੇ ਨੂੰ ਵੀ ਧਰਵਾਸ ਹੁੰਦਾ ਹੈ ਕਿ ਜੇ ਇਕ ਨਹੀਂ ਜਿੱਤਿਆ ਤਾਂ ਦੂਜਾ ਜਿੱਤ ਗਿਆ ਹੈ। ਪਰ ਇਸ ਜਿੱਤਣ-ਹਾਰਨ ਵਾਲੇ ਪੜਾਅ ਤੱਕ ਪਹੁੰਚਦਿਆਂ ਉਸ ਦੇ ਵਿਚ ਪਹਿਲਾਂ ਦੱਸੇ ਗੁਣ ਤਾਂ ਆ ਹੀ ਗਏ ਹਨ ਇਸ ਲਈ ਇਹਨਾਂ ਮੁਕਾਬਲਿਆਂ ਦਾ 95 ਫੀਸਦੀ ਹਿੱਸਾ ਤਾਂ ਪ੍ਰਾਪਤ ਕਰ ਲਿਆ ਗਿਆ ਹੈ। ਸੋ ਅਧਿਆਪਕਾਂ, ਮਾਪਿਆਂ ਅਤੇ ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਉਹ ਇਹਨਾਂ ਮੁਕਾਬਲਿਆਂ ਵਿਚ ਸ਼ਮੂਲੀਅਤ ਨੂੰ ਹੀ ਪਹਿਲ ਦੇਣ।

ਵਿਦਿਆਰਥੀਆਂ ਨੂੰ ਸ਼ਬਦ ਗਾਇਨ ਕਰਦੇ ਸਮੇਂ ਕੁਝ ਜ਼ਰੂਰੀ ਨੁਕਤੇ ਧਿਆਨ ਵਿਚ ਰਖਣੇ ਚਾਹੀਦੇ ਹਨ। ਕੁਝ ਜ਼ਰੂਰੀ ਨਿਯਮ ਤਾਂ ਮੁਕਾਬਲੇ ਕਰਵਾਉਣ ਵਾਲੀ ਸੰਸਥਾ ਵੱਲੋਂ ਦਿੱਤੇ ਜਾਂਦੇ ਹਨ ਜਿਵੇਂ ਗਾਏ ਜਾਣ ਵਾਲਾ ਸ਼ਬਦ ਜਾਂ ਰਚਨਾ, ਤਾਲ, ਰਾਗ, ਸਮਾਂ ਟੀਮ ਦੇ ਮੈਂਬਰਾਂ ਦੀ ਗਿਣਤੀ ਬਾਰੇ। ਪਰ ਫਿਰ ਕੁਝ ਹੋਰ ਜ਼ਰੂਰੀ ਗੱਲਾਂ ਵੀ ਸ਼ਬਦ ਗਾਇਨ ਦੀ ਪੇਸ਼ਕਾਰੀ ਸਮੇਂ ਪ੍ਰਭਾਵਿਤ ਕਰਦੀਆਂ ਹਨ। ਗੁਰਬਾਣੀ ਦਾ ਉਚਾਰਨ ਸ਼ੁੱਧ ਹੋਵੇ। ਸ਼ਬਦ ਦੀ ਰੀਤ ਜਾਂ ਟਿਊਨ ਵਿਚ ਲੈਅ ਸੁਰ ਤਾਲ ਰਾਗ ਸ਼ਬਦ ਦੇ ਭਾਵ ਅਨੁਸਾਰ ਹੋਵੇ। ਜੇ ਸ਼ਬਦ ਨਿਰਧਾਰਤ ਰਾਗ ਵਿਚ ਗਾਇਆ ਜਾਵੇ ਅਤੇ ਰਹਾਉ ਦੀ ਤੁਕ ਨੂੰ ਸਥਾਈ ਬਣਾਇਆ ਜਾਵੇ ਤਾਂ ਵਧੇਰੇ ਪ੍ਰਭਾਵ ਪੈਂਦਾ ਹੈ। ਤਬਲਾ ਸੁਰ ਵਿਚ ਹੋਵੇ। ਕਈ ਸੱਜਣ ਗਾਉਣ ਸਮੇਂ ਸੱਜੇ ਤਬਲੇ ਨੂੰ ਸੁਰ ਵਿਚ ਨਹੀਂ ਕਰਦੇ ਇਸ ਨੂ ਚੰਗੇ ਗਾਇਕ ਇਕ ਕੁਤਾਹੀ ਮੰਨਦੇ ਹਨ। ਟੀਮ ਦੇ ਗਾਇਕ ਸੁਰ ਵਿਚ ਹੋਣੇ ਚਾਹੀਦੇ ਹਨ ਅਤੇ ਸਾਰੇ ਗਾਇਕ ਗਾਉਂਦੇ ਹੋਣੇ ਚਾਹੀਦੇ ਹਨ ਇਹ ਵੇਖਣ ਵਿਚ ਆਉਂਦਾ ਹੈ ਕਿ ਟੀਮ ਵਿਚ ਇਕ ਦੋ ਵਿਦਿਆਰਥੀ ਗਾਉਂਦੇ ਹਨ ਤੇ ਬਾਕੀ ਕੇਵਲ ਗਿਣਤੀ ਪੂਰੀ ਕਰਨ ਲਈ ਬਿਠਾਏ ਜਾਂਦੇ ਹਨ। ਅਧਿਆਪਕਾਂ ਨੂੰ ਚਾਹੀਦਾ ਹੈ ਕਿ ਉਹ ਤਿਆਰੀ ਕਰਵਾਉਣ ਸਮੇਂ ਟੀਮ ਦੇ ਹਰ ਮੈਂਬਰ ਤੋਂ ਵਖ ਵਖ ਤੁਕਾਂ ਨਿਜੀ ਤੌਰ ਤੇ ਗਾਇਨ ਕਰਵਾਉਣ।

ਸ਼ਬਦ ਗਾਇਨ ਸ਼ੁਰੂ ਕਰਨ ਸਮੇਂ ਮੰਗਲਾ ਚਰਨ ਸੁਰ ਵਿਚ, ਅਲਾਪ ਸਹੀ ਢੰਗ ਨਾਲ, ਵੱਡੇ ਖਿਆਲ ਦੀ ਸ਼ੈਲੀ ਵਿੱਚ ਕੀਤਾ ਜਾਵੇ। ਇਸ ਨਾਲ ਰਾਗ ਦਾ ਸਰੂਪ ਤਿਆਰ ਹੁੰਦਾ ਹੈ ਤੇ ਵਾਤਾਵਰਣ ਬਣ ਜਾਂਦਾ ਹੈ। ਟੀਮ ਗਾਏ ਜਾਣ ਵਾਲੇ ਸ਼ਬਦ ਰਾਗ ਤੇ ਤਾਲ ਬਾਰੇ ਵੀ ਦੱਸ ਦੇਵੇ ਤਾਂ ਚੰਗਾ ਹੈ। ਟੀਮ ਦੇ ਮੈਂਬਰਾਂ ਦਾ ਪਹਿਰਾਵਾ ਸਾਦਾ ਹੋਵੇ ਤੇ ਬੈਠਣ ਸਮੇਂ ਸੁਭਾਵਿਕ ਮੁਦਰਾ ਰੱਖੀ ਜਾਵੇ। ਇਹ ਨਾ ਹੋਵੇ ਕਿ ਬੜੇ ਔਖੇ ਤੇ ਬਨਾਵਟੀ ਤਰ੍ਹਾਂ ਬੈਠੇ ਹਾਂ। ਸਾਉਂਡ ਸਿਸਟਮ, ਮਾਈਕ ਆਦਿ ਨੂੰ ਟੀਮ ਜਾਂ ਅਧਿਆਪਕ ਆਪਣੇ ਹਿਸਾਬ ਨਾਲ ਸੈਟ ਕਰਵਾ ਲਵੇ। ਗਾਉਣ ਸਮੇਂ ਜੇ ਸਮੇਂ ਅਤੇ ਰੁਤ ਦੇ ਰਾਗ ਗਾਏ ਜਾਣ ਤਾਂ ਪ੍ਰਭਾਵ ਚੰਗਾ ਪੈਂਦਾ ਹੈ ਪਰ ਇਹ ਧਿਆਨ ਰੱਖਿਆ ਜਾਵੇ ਇਹ ਸਾਰਾ ਕੁਝ ਸੁਰ ਅਤੇ ਤਾਲ ਵਿਚ ਹੋਣਾ ਚਾਹੀਦਾ ਹੈ। ਤਾਨਾਂ ਸੀਮਤ ਗਾਉਣੀਆਂ ਚਾਹੀਦੀਆਂ। ਇਹਨਾਂ ਵਿਚ ਬੇਸੁਰੇ ਹੋਣ ਦਾ ਖਤਰਾ ਰਹਿੰਦਾ ਹੈ। ਜੇ ਕੁਝ ਸਾਜ਼ ਵਾਧੂ ਵੱਜ ਰਹੇ ਹਨ ਤਾਂ ਉਹਨਾਂ ਦੀ ਆਵਾਜ਼ ਧੀਮੀ ਹੋਣੀ ਚਾਹੀਦੀ ਹੈ। ਕਈ ਵਾਰ ਸਾਜ਼ਿੰਦੇ ਗਾਉਣ ਵਾਲਿਆਂ ਤੇ ਸਵਾਰ ਹੋਣ ਦੀ ਕੋਸ਼ਿਸ਼ ਕਰਦੇ ਹਨ ਇਸ ਨਾਲ ਚੰਗਾ ਪ੍ਰਭਾਵ ਨਹੀਂ ਪੈਂਦਾ।

ਸ਼ਬਦ ਗਾਇਨ ਸ਼ਰਧਾ ਭਾਵਨਾ ਨਾਲ ਕਰਨਾ ਚਾਹੀਦਾ ਹੈ। ਪ੍ਰਮਾਤਮਾ ਦਾ ਮਨ ਹੀ ਮਨ ਧੰਨਵਾਦ ਕਰਨਾ ਚਾਹੀਦਾ ਹੈ ਜਿਸ ਨੇ ਸਾਨੂੰ ਇਹ ਉਤਮ ਕੰਮ ਕਰਨ ਦਾ ਮੌਕਾ ਦਿੱਤਾ।



## Baptism of the Double-Edged Sword -The New Baptism

**Dalip Singh**

We observe from the life of Guru Gobind Rai that very often he would create humerous scenes, while imparting the basic Sikh Teachings to the Sikhs in frolicking way. In this way he was successful in bringing home the Teachings in an impressive way. Some of the events are given below:

Once the Guru got a large number of persons gathered round him. He then asked the cooks to place a large amount of cooked food (meat and rice) there. A number of stray dogs, which had been held earlier, were also brought there. The food was much more than to feed all the dogs, in fact the dogs could eat for many days. All the dogs were then released to eat the food placed at a central point. What actually happened was to the surprise of every body. The dogs, instead of eating food, began to fight among themselves so that the other dogs should not consume it and that he alone should be privileged to eat all the food. In this severe fighting, all the dogs got hurt themselves very badly, and the food remained practically unconsumed. The Guru then got the dogs separated from each other, put leashes round their necks and dragged them to different places. Each dog was given food to eat.

The Guru then told the Sikhs that the Humans, who were the crown of God's creation, invariably acted like dogs, driven by their selfishness. Humans in pursuit of their gratification of their selfish cravings become extremely egocentric from which stem out all the evils. By putting our reliance on God, we can rise above our selfishness and see others also as ourselves.

Superstitions and ignorance go hand in hand. The Brahmins had made current many fabulous stories about their gods and goddesses and the necessity of serving them (Brahmins) as an escape from the wraths of the supernatural powers. Certain gods were considered as of irritating nature, whose wraths were considered fearsome. For the benefit of the people, Brahmins evolved means to appease these aggressive gods. People were required to make offerings of gifts of various types on various occasions, in order to propitiate gods. Saturn is considered to be the most angry god. In order to soften his anger, people are advised to give offering of oil, iron pieces and pulses to Brahmins on every Saturday. If any member of the family, particularly children, were to bring home any article of iron from outside on any Saturday, the articles are thrown out, considered as harmful.

On one Saturday, Guru Gobind Rai enacted another satirical drama to expose the futility of such superstitious beliefs, The Guru,at Anandpur, on a Saturday morning, sent for a Brahmin, who was the devotee of god Saturn. The Guru gave him oil, iron pieces and pulses before a large audience. On seeing this, the Sikhs were non-plussed. When the Brahmin left the place carrying the articles with him, certain Sikhs followed him The Sikhs asked him what those articles were meant for. He replied that those articles were for the worship of god Satum and that the Guru had given him to get relief from his troubles. He further stated that those articles could only be utilised by the Brahmins alone.

The Sikhs who were daily taught by the Guru to rise above the superstitious beliefs and to consider God as their main stay, could not rely on the Brahmin. The Sikhs snatched all the articles from him and told him that they (Sikhs) could only utilise those things. The Sikhs brought flour and mixed it with the pulses and the oil and prepared cakes and ate them. From the iron pieces, the Sikhs got the iron bangles made from a blacksmith of Anandpur.

The Guru had enacted this drama to see for himself how much the Sikhs had assimilated the Sikh Teachings of rising above the superstitious beliefs. When the Guru came to

know of the reaction of the Sikhs toward the Brahmin carrying articles given him by the Guru, he was much pleased. The Guru reiterated that the Sikhs should be cautious of the Brahmanic trap. The Guru proclaimed that every Sikh should wear an iron bangle as reminiscent of their victory over superstitious beliefs. Iron Bangle has other significance as well, which will be described later. The Guru's emphasis was that man should have reliance on God alone.

The Guru preached that the freedom laid in the Spirit within and not in the society. His preachings and his own relaxed personality created the persons of Spirit and of character. Anandpur was then the Becon for all humanity to get one's Spirit illuminated. Anandpur was surrounded by hill states, which were famous for keeping people in bondage and serfdom due to the ritual ridden Brahmanic creed of inequality of people. The Hindu hill rajas could not see with any sense of equanimity the Guru's way of life and bore enmity against him. When the rajas observed that the awakened people could no longer be oppressed and suppressed, they were quick to take shelter under the paramount Mughal Power and received armed assistance to crush the Guru.

The Sikhs gave stiff resistance to the hill rajas and their supporters, the Mughals. The rajas and the Brahmins were surprised, as the fallen humanity had been turned into great warriors. This kindled extreme hatred and rancour in them and with grim tenacity increased the hostile attitude toward the Guru.

Guru Gobind Rai knew it well that in war slaying and plundering of people in general were the common occurrence. The excited soldiery resorts to all types of mis-behaviour, and the womenfolk are the worst sufferers. The Guru, while teaching to the Sikhs, laid great stress on maintaining the moral discipline under all circumstances. The Guru had no hatred for any one, as in all living beings he saw the manifestation of the Divine Light. The Guru had taken to arms in self-defence against the insensibility of the incorrigible rulers intoxicated with Power. The Guru had no enmity even with those rulers in so far as the human relations were concerned.

Right from the time of Guru Nanak Dev great emphasis had been laid on the right conduct and purity of character. The Sikhs were strictly forbidden to have any conjugal relations with persons outside the marital bond under any circumstances. Promiscuity in sexual behaviour was considered to be the depth of degradation a person could fall to, but it is an uphill task to exercise restraint in unusual circumstances, such as during the war, when a man is predominantly swayed by the spirit of retaliation. The Sikhs were trained by the Guru in such a way that they acted as a cool organised force, never running to excess and never behaving like mercenaries or the armies of conquest.

The Old Sikh Chronicles write that once a wife of a rich Mughal officer came into the captivity of Sikhs. The Sikhs, in a spirit of retaliation wanted to treat her in the similar way as the Mughals treated their opponents. The Sikhs, however, were experiencing conflict with-in themselves as to how to treat the woman. The Sikhs were being constantly reminded of Guru's Teachings of maintenance of purity of character, under all circumstances. They brought the woman before the Guru. The Guru was enraged to see the woman in the custody of the Sikhs. He gave a stern warning to the Sikhs to respect all females and to refrain from any type of immoral action. The woman was restored to the Mughal officer with honour and respect.

**Guru Gobind Rai Makes Preparations To Carry God's Commands To Create The Order Of Khalsa**

It was now March 1699. The Guru sent messages to the Sikhs in all parts of India and also to the Sikhs living outside India to meet in large number at Anandpur on the occasion of Baisakhi, which was to fall on March 30, 1699. The Sikhs in thousands thronged at

Anandpur on this occasion.

Guru Gobind Rai now again enacted a psychological drama to infuse a new life in the Sikhs. It was the morning of March 29, 1699, a day before the Baisakhi festival was to be celebrated. In response to the Guru's wishes, Sikhs from all parts of India had come to Anandpur in large number to celebrate the memorable Baisakhi Day. The gathering of the Sikhs on March 29, 1699, was held at Takhat Sri Kesh Garh Sahib. After the morning service, the Guru came to address the Gathering. He drew out his Double-Edged Sword and thundered: "I want Five Sikhs who would sacrifice their lives for the sake of Dhama and ready to offer their heads to me, here and now." There was then pin drop silence. The Guru repeated the call again. The Old Chronicles mention that for some time the people were much awe-stricken and in confusion began to flee from there. The Guru went on repeating his demand and at last five Sikhs came forth, one after the other, and offered themselves to the Guru. The five Sikhs in the order of their submission to the Guru were - Daya Ram, Dharam Chand, Himat Rai, Sahib Chand and Mohkam Chand.

The Guru then explained to the Sikh gathering the significance of offering of one's head to the Guru. He said that if the Sikhs wanted to live in freedom from the subjugation of the high caste people and the tyrant rulers, it would be necessary for them to maintain purity of character, rising above their selfishness. This was the true offering of one's own self as a sacrifice and the conquest of one's self. The Guru then reiterated the incident of seizure of the Mughal lady by the Sikhs and warned the Sikhs of these pitfalls.

In this connection it may be stated that various authors have written most fascinating stories in describing this incident, which cannot be relied upon, as such stories conflict with the basic Teaching of the Guru. The story that the Guru had pitched a tent nearby the assembly hall, where he had kept five goats, and that the Guru was taking each volunteer Sikh there and each time he was killing a goat instead and making the Sikh stay there alive, and then taking his sword dripping with, blood to the assembly hall to demand the head of another Sikh, appears to be fabulous and untenable. The story of worship of goddess Durga is also imaginary, as the writers do not know what they are talking about. Equally ridiculous is to state that the Guru made the stimulating appeal for offering of one's head in the name of country and nation. Such assertions are baseless, being parochial and idolatrous. The Guru preached Unity of God and also His Creation, He being Himself manifest in all and every where. There was complete universality of vision and none appeared foreigner to the Guru. The only thing the Guru was stressing upon was self-realization, thus rising above one's selfishness to lead a moral life. Thus the Guru stood for Equality of All and worked for this end. Men of vested interests opposed vehemently and made armed attacks on him, which he defended only for self-survival. To call the Guru as the Nationalist, is to insult him. No where in the Guru's writings we find such prejudices. The Guru strongly deprecated all types of idol worship and prejudices of all types.

**Baptism Of The Double-edged Sword**

Baisakhi was to be celebrated next day. On the Guru's instructions, the Five Sikhs who had offered their heads presented themselves before the congregation assembled at Takhat Sri Kesh Garh Sahib after taking their bath and hair wash on the memorable Baisakhi Day. The Guru took the Five Sikhs aside, got a steel bowl and poured some water and sugar plums into it. He began stirring the contents of the bowl with his Double-edged Sword by reciting the holy compositions of Japji Sahib of Guru Nanak, Jaap Sahib, Amrit Swaiyas and Chaupai of himself, and Anand Sahib of Guru Amar Das, and thus prepared the Nectar (Amrit) for the Five Sikhs. Amrit was administered to each of the Five Sikhs by the

Guru. A handful of Amrit was given for five times in the cupped hands of each Sikh to drink. After drinking Amrit each time the Sikh was required to utter " The Khalsa is of the Wondrous Lord, Victory is of Him" -*waheguru ji ka khalsa, wahaguru ji ki fateh.* Few drops of Amrit were then sprinkled into eyes of each Sikh for five times and each time the Sikh uttering: "The Khalsa is of the Wonderous Lord, Victory is of Him." The Guru then poured few drops of Amrit into the tress-knot of the hair of the sclap of each Sikh for five times, and the Sikh each time uttering: " The Khalsa is of the Wonderous Lord, Victory is of Him." The left over Amrit in the bowl was sipped from the bowl by each of the Sikhs one after the other and the Sikhs were made to sip the Amrit again from the bowl in the reverse order, that is, the Sikh who earlier sipped Amrit from the bowl last of all, was now made to sip first of all. This was to eliminate all caste distinctions in Sikhs. The Guru then addressed to the Five Sikhs and the congregation, which is recorded by the Mughal news-reporter as under:

"I Wish you all to embrace one creed and follow one Path, rising above all differences of the religion as now pracitsed. Let the Four Hindu Castes who have different Dharmas laid down for them in shastras, having institution of "Varanashram Dharma", abandon them altogether, and adopt the way of mutual help and cooperation and mix freely with one another. Do not follow the old scriptures. Let none pay homage to the river Ganga, other places of pilgrimage, which are considered to be holy in the Hindu Religion, or worship of Hindu deities, such as Rama, Krishna, Brahma, Vishnu, Shiva, Chandi, etc. but all should cherish faith in the Teaching of Guru Nanak and the successor Gurus. Let men of four castes receive My Baptism of the Double-Edged Sword, eat out of the same vessel and feel no aloofness from or contempt for one another."

---

## ਸੁਆਲ ਜੋ ਜੁਆਬ ਮੰਗਦੇ ਹਨ

ਮੈਂ ਕਿਰਪਾਨ ਧਾਰੀ ਹਾਂ, ਅੰਮ੍ਰਿਤ ਛਕਿਆ ਕਹਾਉਂਦਾ ਹਾਂ। ਧੰਨਵਾਦੀ ਹਾਂ ਜੋ ਇਹ ਮਾਨ-ਸਤਿਕਾਰ ਦਿਤਾ ਜਾਂਦਾ ਹੈ। ਇਕ ਗੱਲ ਜੋ ਮੇਰੇ ਧੁਰ ਅੰਦਰ ਘਰ ਕਰੀ ਬੈਠੀ ਹੈ, ਮੈਨੂੰ ਬੇਆਰਾਮ ਜੇਹਾ ਕਰੀ ਰਖਦੀ ਹੈ। ਮੈਨੂੰ ਖੋਤਰ-ਖੋਤਰ ਕੇ ਗੁਰੂ ਗੋਬਿੰਦ ਸਿੰਘ ਪਿਤਾ ਬਾਰੇ ਇਕ ਘਟਨਾ ਸੰਬੰਧਤ ਯਾਦ ਕਰਵਾਉਂਦੀ ਰਹਿੰਦੀ ਹੈ। ਦਸਵੇਂ ਪਾਤਸ਼ਾਹ ਨੇ ਹੋ ਰਹੇ ਅਨਿਆਂ, ਜ਼ੁਲਮਾਂ ਨੂੰ ਠੱਲ ਪਾਣ ਲਈ ਅੰਮ੍ਰਿਤ ਦੀ ਦਾਤ ਬਖਸ਼ੀ। ਇਸ ਦਾਤ ਨੇ ਜ਼ੁਲਮਾਂ ਦੀ ਹਨੇਰੀ ਨੂੰ ਠਲ੍ਹ ਪਾ ਦਿਤੀ। ਯੁਗ ਪਲਟ ਗਿਆ, ਦੱਬੇ-ਕੁਚਲੇ ਹੋਸ਼ ਵਿਚ ਆਣ ਲਗ ਪਏ। ਗਿਦੜਾਂ ਤੋਂ ਸ਼ੇਰ ਹੋ ਗਏ। "ਭੈ ਕਾਹੂ ਕੋ ਦੇਤ ਨਹਿ, ਨਹਿ ਭੈ ਮਾਨਤ ਆਨ" ਦਾ ਮਹਾਨ ਵਿਚਾਰ ਸਰੀਰਾਂ ਵਿਚ ਝਰਨਾਟਾਂ ਛੇੜਨ ਲਗ ਪਿਆ। ਔਰਤਾਂ, ਪੈਰ ਦੀ ਜੁਤੀ ਬਣ ਚੁਕੀਆਂ ਵੀ ਸ਼ੇਰਨੀਆਂ-ਰੂਪ ਹੋਣ ਲੱਗ ਪਈਆਂ। ਅਪਣੇ ਨੂੰ ਸ਼ੇਰ ਕਹਾਉਣ ਵਾਲੇ ਜ਼ਾਲਮ-ਜਰਵਾਣੇ ਹੱਕੇ-ਬੱਕੇ ਹੋ ਗਏ ਅਤੇ ਗਿਦੜ ਪਣੇ ਵਲ ਸੇਧਤ ਹੋਣ ਲੱਗ ਪਏ। ਯੁਗ ਬੜੀ ਤੇਜ਼ੀ ਨਾਲ ਬਦਲ ਰਿਹਾ ਸੀ। ਯੁੱਧ ਹਥਿਆਰਾਂ ਵਿੱਚ ਬੰਦੂਕ ਵੀ ਆ ਸ਼ਾਮਲ ਹੋਈ। ਗੁਰੂ ਗੋਬਿੰਦ ਸਿੰਘ ਜੀ ਨੇ ਝਟ ਇਸ ਨੂੰ ਪਰਖਿਆ ਅਤੇ ਬਿਨਾਂ ਸਮਾਂ ਗੁਆਏ ਅਪਣੀ ਫੌਜ ਵਿਚ ਸ਼ਾਮਲ ਕਰ ਲਿਆ। ਹੁਣ ਸਿੱਖ-ਫੌਜ ਦੀ ਤਾਕਤ ਬਹੁਤ ਵਧ ਗਈ। ਹੁਣ ਸਿੱਖ ਫੌਜ ਕੋਲ ਕਿਰਪਾਨ ਦੇ ਨਾਲ-ਨਾਲ ਬੰਦੂਕ ਵੀ ਆਣ ਰਲੀ। ਦਸਵੇਂ ਪਾਤਸ਼ਾਹ ਦੇ ਇਸ ਉਪਰਾਲੇ ਨੇ ਜ਼ੁਲਮ ਦੀ ਹਨੇਰੀ ਨੂੰ ਠੱਲ੍ਹ ਪਾ ਦਿਤੀ ਅਤੇ ਇਕ ਦਿਨ ਉਹ ਵੀ ਆ ਗਿਆ ਜਦੋਂ ਜ਼ਾਲਮ ਜਰਵਾਣੇ ਦੇਸ਼ ਛੱਡ ਗਏ ਸਿੱਖ ਹਲੇਮੀ ਰਾਜ ਸਥਪਿਤ ਹੋ ਗਿਆ।

1. ਅਜ ਮੈਂ ਬੇਸ਼ਕ ਅੰਮ੍ਰਿਤਧਾਰੀ ਹਾਂ ਪਰ ਕੀ ਵਕਤ ਪੈਣ ਤੇ ਮੈਂ ਕਿਰਪਾਨ ਨਾਲ ਆਪਨੀ ਸੁਰਖਿਆ ਯੋਗ ਢੰਗ ਨਾਲ ਕਰ ਸਕਦਾ ਹਾਂ?
2. ਕੀ ਅੱਜ ਦਾ ਕਾਨੂੰਨ ਕਿਰਪਾਨ ਵਰਤਣ ਦੀ ਇਜਾਜ਼ਤ ਦੇਂਦਾ ਹੈ?
3. ਫਿਰ ਕੀ ਕਿਰਪਾਨ ਦੇ ਨਾਲ-ਨਾਲ ਮੈਨੂੰ ਜ਼ੁੱਡੋ-ਕਰਾਟੇ ਸਿੱਖ ਲੈਣੀ ਚਾਹੀਦੀ ਹੈ?
4. ਜ਼ੁਡੋ ਕਰਾਟੇ ਸਿਰਫ ਮੈਨੂੰ ਹੀ ਕਿਉਂ? ਪੂਰੇ ਸਿੱਖ-ਅੰਮ੍ਰਿਤਧਾਰੀ ਸਮਾਜ ਨੂੰ ਕਿਉਂ ਨਹੀ?
5. ਅੰਮ੍ਰਿਤ ਛਕਣ ਵਕਤ ਇਹ ਆਦੇਸ਼ ਮਿਲਣਾ ਕਿ ਤੁਸੀ ਜੂਡੋ-ਕਰਾਟੇ ਵੀ ਸਿੱਖਣਾ ਹੈ, ਜ਼ਰੂਰੀ ਹੈ ਜਾਂ ਨਹੀਂ?
6. ਸਿਖ ਸੰਸਥਾਵਾਂ ਜੂਡੋ ਕਰਾਟੇ ਅਪਣੇ ਕਾਲਜਾਂ, ਸਕੂਲਾਂ ਵਿਚ ਸਿਖਾਉਣ ਤੋਂ ਕਿਓ ਝਿਜਕਦੀਆਂ ਹਨ?
7. ਜਦ ਕਿ ਅਨ-ਧਰਮੀ ਸੰਸਥਾਵਾਂ ਖਿੜੇ ਮਥੇ ਸੁਆਗਤ ਕਰਦੀਆਂ ਹਨ ਜੁਡੋ-ਕਰਾਟੇ ਸਿਖਾਉਣ ਲਈ ਕਿਓ?
8. ਮੈਂ ਵਡਭਾਗੀ ਹੋਵਾਂਗਾ ਜਦੋਂ ਇਨ੍ਹਾ ਸੁਆਲਾਂ ਦੇ ਜੁਆਬ ਮਿਲ ਜਾਣਗੇ। ਇਹ ਧਿਆਨ ਰਖਦੇ ਹੋਏ ਕਿ ਜੂਡੋ-ਕਰਾਟੇ ਸਕੁਲਾਂ/ਕਾਲਜਾਂ ਲਈ ਪਰਵਾਨਤ ਹਨ ਅਤੇ ਇਹ ਸਿਖਾਉਣ ਲਈ ਬੇਅੰਤ ਸੰਸਥਾਵਾਂ ਪੂਰੇ ਭਾਰਤ ਵਿੱਚ ਇਹ ਮਾਰਸ਼ਲ ਆਰਟ ਸਿਖਾ ਰਹੀਆਂ ਹਨ।

***ਕੁਲਦੀਪ ਸਿੰਘ ਜ਼ਖਮੀ***

## ਸਾਧ ਸੰਗਤ

ਪ੍ਰੋ. ਬਲਵਿੰਦਰ ਸਿੰਘ

ਗੁਰਬਾਣੀ ਵਿਚ ਸਾਧ ਤੋਂ ਉਸ ਸਾਧਕ ਦਾ ਭਾਵ ਲਿਆ ਹੈ ਜੋ ਗੁਰੂ ਦੇ ਹਜ਼ੂਰ ਹੋ ਕੇ ਮਨ ਨੂੰ ਸਾਧਣ ਲਈ ਪ੍ਰਯਤਨਸ਼ੀਲ ਰਹੇ ਅਤੇ ਇਸ ਲਈ ਲਗਾਤਾਰ ਸਾਧਨਾ ਕਰੇ। ਇਹ ਸਾਧਣਾ ਕਿਸੇ ਪ੍ਰਕਾਰ ਦਾ ਜੱਪ ਤੱਪ, ਵਰਤ ਜਾਂ ਕੋਈ ਹੋਰ ਕਠੋਰ ਸਰੀਰਕ ਅਭਿਆਸ ਨਹੀ, ਸਗੋਂ ਮਾਨਸਿਕ ਅਭਿਆਸ ਹੈ। ਸਾਧਨਾ ਤਾਂ ਮਨ ਨੂੰ ਹੈ। ਅਤੇ ਇਸ ਨੂੰ ਸੋਧ ਕੇ ਗੁਰੂ ਕ੍ਰਿਪਾ ਦੁਆਰਾ ਸੇਧ ਦੇਣੀ ਹੈ। ਗੁਰਮਤਿ ਅਨੁਸਾਰ ਸਾਧਨਾ ਕਿਸੇ ਭੋਰੇ ਵਿਚ ਕੈਦ ਹੋ ਜਾਂ ਕਿਸੇ ਅੰਦਰ ਬਹਿ ਕੇ ਕਰਨ ਦੀ ਲੋੜ ਨਹੀ। ਇਸ ਲਈ ਇਸੇ ਹੀ ਪ੍ਰਕਾਰ ਦੀ ਇੱਛਾ ਤੇ ਭਾਵਨਾ ਦੇ ਜਗਿਆਸੂਆਂ ਦੇ ਸੰਗ ਰੱਲ ਕੇ ਸੰਗਤ ਬਣਾਉਣੀ ਹੈ। ਇਸ ਸੰਗਤ ਨੂੰ ਸਾਧ ਸੰਗਤ ਕਿਹਾ ਗਿਆ ਹੈ। ਸਤਿਸੰਗਤ, ਸੰਤਸੰਗ, ਸੰਗ ਸੰਤਨ ਕਾ, ਸੰਤ ਸੁਭਾ ਅਤੇ ਇਸੇ ਹੀ ਭਾਵਨਾ ਦੇ ਹੋਰ ਅਨੇਕ ਵਿਸ਼ੇਸ਼ਣ ਸਾਧ ਸੰਗਤ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਲਿਖੇ ਮਿਲਦੇ ਹਨ। ਅਸੀਂ ਉਸ ਵੇਲੇ ਗੁਰਮਤਿ ਤੋਂ ਬਹੁਤ ਦੁਰੇਡੇ ਜਾ ਰਹੇ ਹੁੰਦੇ ਹਾਂ ਜਦੋਂ ਸਾਧ ਦਾ ਮਤਲਬ ਅਸੀ ਕਿਸੇ ਵੇਸ, ਭੇਖ ਜਾਂ ਵਿਸ਼ੇਸ਼ ਤਰ੍ਹਾਂ ਦੀ ਵਸਤਰ ਸੱਜਾ ਜਾਂ ਪਹਿਰਾਵੇ ਤੋਂ ਲੈ ਲੈਂਦੇ ਹਾਂ। ਇੱਥੇ ਸਾਰਾ ਸੰਘਰਸ਼ ਮਾਨਸਿੱਕ ਤੇ ਆਤਮਿਕ ਹੈ। ਇਸ ਲਈ ਇਸੇ ਪਾਸੇ ਧਿਆਨ ਦੇਣਾ ਚਾਹੀਦਾ ਹੈ ਨਹੀਂ ਤਾਂ ਭਟਕ ਕੇ ਔਝੜੇ ਪੈ ਜਾਵਾਂਗੇ।

ਸਾਧ ਸੰਗਤ ਵਾਹਿਗੁਰੂ ਨੂੰ ਮਿਲਣ ਦੀ ਸਿੱਕ- ਰੱਖਣ ਵਾਲੀਆਂ ਰੂਹਾਂ ਦਾ ਸਮੂਹ ਹੈ ਅਤੇ ਇਹ ਪ੍ਰੇਰਨਾ ਕੇਵਲ ਗੁਰੂ ਪਾਸੋਂ ਲੈਂਦੇ ਹਨ। ਪੁਰਾਤਨ ਭਾਰਤੀ ਸੰਸਕ੍ਰਿਤੀ ਵਿਚ ਸਾਧ ਦੇ ਸੁਭਾ ਸੰਬੰਧੀ ਇੱਕ ਮੁਹਾਵਰਾ ਮਸ਼ਹੂਰ ਹੈ, "ਸਾਧ ਨਾ ਤੁਰਨ ਜਮਾਤਾਂ" ਕਰਾਂਤੀਕਾਰੀ ਜਗਤ ਗੁਰੂ, ਗੁਰੂ ਨਾਨਕ ਦੇਵ ਜੀ ਦਾ ਕਮਾਲ ਹੈ ਕਿ ਉਨ੍ਹਾਂ ਇੱਕਲੇ ਇੱਕਲੇ ਰਹਿੰਦੇ ਭਟਕੇ ਤੇ ਇਕੱਲਖੋਰੇ ਸਾਧਾਂ ਨੂੰ ਜੁੜਨ ਦੀ ਜਾਚ ਦੱਸ ਦਿੱਤੀ। ਜੋ ਗੁਰੂ ਦੀ ਨਿਕਟਤਾ ਪ੍ਰਾਪਤ ਕਰਕੇ ਗੁਰ ਸੰਗਤ ਬਣ ਗਏ। ਸਾਹਿਬੇ ਕਮਾਲ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਇਹ ਕਮਾਲ ਹੈ ਕਿ ਉਨਾਂ ਨੇ ਗੁਰਸੰਗਤ ਨੂੰ ਖਾਲਸਾ ਕੀਤਾ। ਇਸ ਦੀ ਗਵਾਹੀ ਭਾਈ ਗੁਰਦਾਸ ਸਿੰਘ ਜੀ ਨੇ ਦਿੱਤੀ ਹੈ।

ਗੁਰਿ ਸੰਗਤ ਕੀਨੀ ਖਾਲਸਾ ਮਨਿ ਮੁਖੀ ਦੁਹੇਲਾ॥

ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰਿ ਚੇਲਾ॥

ਪਿਤਾ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਅੰਮ੍ਰਿਤ ਛਕਾਉਣ ਤੱਕ ਦਾ ਵਿਚਲਾ ਸਮਾਂ ਇਸ ਸੰਗਤ ਦੀ ਸੋਚ ਨੂੰ ਪਕਿਆਉਣ ਉੱਤੇ ਲੱਗਾ। ਪੂਜਯ ਗੁਰੂ ਸਾਹਿਬਾਨ ਜਿੱਥੇ ਕਿਧਰੇ ਜਾਂਦੇ, ਸੂਝਵਾਨ ਮੋਢੀ ਸਿੱਖਾਂ ਦੀ ਅਗਵਾਈ ਵਿਚ ਸੰਗਤ ਕਾਇਮ ਕਰਦੇ। ਇਸ ਤੱਥ ਦਾ ਇੱਕ ਬਹੁਤ ਲੰਮੇਰਾ ਇਤਿਹਾਸ ਹੈ। ਇਹ ਸੰਗਤ ਹੀ ਖਾਲਸ, ਖੋਟ ਰਹਿਤ, ਸ਼ੁਧ ਕੰਚਨ ਰੂਪ ਹੋ ਕੇ ਖਾਲਸਾ ਬਣੀ। ਖਾਲਸਾ ਵਾਹਿਗੁਰੂ ਦਾ ਆਪਣਾ ਹੀ ਹੈ। ਅਤੇ ਉਸ ਦਾ 'ਫਰਜ਼ੰਦੇ ਖਾਸ' ਭਾਵ ਵਿਸ਼ੇਸ਼ ਬੇਟਾ ਹੈ। ਜਿਸ ਨੂੰ ਕਿਧਰੇ ਵੀ ਕੋਈ ਰੋਕ ਟੋਕ ਨਹੀਂ। ਉਹ ਨਿਰਭੈ, ਨਿਸੰਗ, ਨਿਧੜਕ, ਵਾਹਿਗੁਰੂ ਦੇ ਦਰ ਪ੍ਰਵਾਨ ਹੈ। ਖਾਲਸਾ ਅਕਾਲ ਪੁਰਖ ਦੀ ਫੌਜ ਹੈ। ਅਤੇ ਉਸ ਦੀ ਆਪਣੀ ਮੌਜ ਹੈ।

ਸਾਧ ਸੰਗਤ ਇੱਕ ਅੱਤ ਉਤਮ ਕਾਰਜਸ਼ਾਲਾ ਹੈ। ਜਿੱਥੇ ਮਨ ਅਤੇ ਚਰਿੱਤਰ ਘੜੇ ਜਾਂਦੇ ਹਨ ਕਿ ਉਹ ਪਵਿੱਤਰ ਹੋ ਜਾਂਦੇ ਹਨ। ਅਕਾਲ ਪੁਰਖ ਦੇ ਦਰ ਪ੍ਰਵਾਨ ਪੈਂਦੇ ਹਨ। ਸਾਧ ਸੰਗਤ ਸਮਾਨਤਾ ਦਾ ਪ੍ਰਤੀਕ ਹੈ। ਇੱਥੇ ਊਚ ਨੀਚ, ਵੱਡੇ ਛੋਟੇ, ਜਾਤ ਵਰਣ, ਮਜ਼ਹਬ ਧਰਮ ਆਦਿ ਦਾ ਕੋਈ ਭਰਮ ਨਹੀਂ। ਰਾਜੇ ਰਈਅਤ, ਅਮੀਰ-ਗਰੀਬ ਪੜ੍ਹੇ ਅਨਪੜ੍ਹੇ ਬਿਨਾ ਕਿਸੇ ਭੇਦ ਭਾਵ ਦੇ ਗੁਰੂ ਪਾਤਸ਼ਾਹ ਦੇ ਹਜ਼ੂਰ ਇੱਕੋ ਸਫ ਦੇ ਉੱਤੇ ਸਭਾ ਬਣਾ ਕੇ ਸੱਜ ਜਾਂਦੇ ਹਨ। ਉਨ੍ਹਾਂ ਦੇ ਮਨ ਹਰੇ ਭਰੇ ਹੋ ਰੱਜ ਜਾਂਦੇ ਹਨ।

ਮੇਰਾ ਮਨ ਸਾਧ ਜਨਾਂ ਮਿਲਿ ਹਰਿਆ॥

ਹਉ ਬਲਿ ਬਲਿ ਬਲਿ ਬਲਿ ਸਾਧ ਜਨਾਂ ਕਉ ਮਿਲਿ ਸੰਗਤ ਪਾਰਿ ਉਤਰਿਆ॥ ਰਹਾਉ॥ ਰਾਗ ਕਾਨੜਾ ਮਹਲਾ ਚੌਥਾ

ਗੁਰੂ ਪਾਤਸ਼ਾਹ ਐਸੇ ਸਾਧ ਜਨਾਂ ਤੋਂ ਵਾਰਨੇ ਜਾਂਦੇ ਹਨ। ਵਾਰ ਵਾਰ ਬਲਿਹਾਰ ਜਾਂਦੇ ਹਨ। ਸਾਧ ਸੰਗਤ ਤੋਂ ਕੁਰਬਾਨ ਹੁੰਦੇ ਹਨ ਅਤੇ ਕਹਿੰਦੇ ਹਨ ਕਿ ਸਾਧ ਸੰਗਤ ਮਨੁੱਖਤਾ ਦੇ ਪਾਰ ਉਤਾਰੇ ਦਾ ਬਹੁਤ ਹੀ ਸਰਲ ਤੇ ਸੁਗਮ ਸਾਧਨ ਹੈ। ਸਤਿਗੁਰੂ ਦੇ ਹਜ਼ੂਰ ਬਹਿਣ ਵਾਲੀ ਸੰਗਤ ਅਤੀ ਉਤਮ ਹੈ। ਗੁਰੂ ਮਹਾਰਾਜ ਨਿਮਰਤਾ ਵਿਚ ਆਏ ਉਨਾਂ ਦੇ ਚਰਨ ਧੋਣ ਵਿਚ ਖੁਸ਼ੀ ਮਹਿਸੂਸ ਕਰਦੇ ਹਨ। ਸੰਤ ਜਨਾਂ ਦੇ ਸੰਗ ਵਿਚ ਹੋ ਕੇ ਹਰੀ ਜੱਸ ਸਹਿਜੇ ਹੀ ਗਾਇਆ ਜਾਂਦਾ ਹੈ। ਜੋ ਹਰੀ ਪ੍ਰਾਪਤੀ ਦਾ ਸਾਧਨ ਹੈ। ਹਰੀ ਭਗਤੀ ਭਾਵ ਗੁਣ ਗਾਉਣ ਨਾਲ ਮੈਲ ਇਸ ਤਰ੍ਹਾਂ ਨਿਕਲਦੀ ਹੈ ਜਿਸ ਤਰ੍ਹਾਂ ਸਾਬਣ ਕਪੱੜੇ ਦੀਆਂ ਤੰਦਾਂ ਵਿਚ ਫਸੀ ਹੋਈ ਮੈਲ ਨੂੰ ਕੱਢ ਕੇ ਕਪੱੜੇ ਉੱਜਲ ਕਰ ਦੇਂਦਾ ਹੈ। ਸਾਧ ਸੰਗਤ ਵਿਚ ਬਹਿਣ ਵਾਲੇ ਸੁੰਦਰ ਤੇ ਖੂਬਸੂਰਤ ਹੁੰਦੇ ਹਨ।

ਸਤਿਸੰਗਤ ਭਾਵ ਸਾਧ ਸੰਗਤ ਵਿਚ ਕੇਵਲ ਨਾਮ ਦਾ ਵਿਖਿਆਣ ਹੁੰਦਾ ਹੈ। ਜਿਸ ਨਾਲ ਨਾਮ ਦੀ ਮਹਿਮਾ ਦਾ ਆਭਾਸ ਹੁੰਦਾ ਹੈ। ਵਾਹਿਗੁਰੂ ਦੀ ਵਡਿਆਈ ਆਤਮਾ ਉੱਤੇ ਇਸ ਤਰ੍ਹਾਂ ਪ੍ਰਗਟ ਹੁੰਦੀ ਹੈ ਕਿ ਹਰ ਪ੍ਰਕਾਰ ਦਾ ਅੰਧਕਾਰ ਦੂਰ ਹੁੰਦਾ ਹੈ। ਅਤੇ ਅੰਦਰ ਬਾਹਰ ਪ੍ਰਕਾਸ਼ ਹੋ ਜਾਂਦਾ ਹੈ।

ਸ਼ੁਧ ਮਨਾਂ ਦੇ ਮਾਲਕ ਗੁਰਸਿੱਖ ਇਕੱਤਰ ਹੋ ਕੇ ਗੁਰੂ ਦੇ ਹਜ਼ੂਰ ਜੁੜਦੇ ਹਨ। ਉਨ੍ਹਾਂ ਦੇ ਮਨ ਮੈਲ ਰਹਿਤ ਹੋ ਕੇ ਆਪਸ ਵਿਚ ਇੱਕ ਹੋ, ਗੁਰੂ ਨਾਲ ਇੱਕਮਿੱਕ ਹੋ ਜਾਂਦੇ ਹਨ। "ਮਨ ਮੇਲੀ ਕਰ ਕਰੰਦੇ" ਵਾਲੀ ਉਤਮ ਅੱਵਸਥਾ ਹੋ ਜਾਂਦੀ ਹੈ। ਮਿਲੇ ਹੋਏ ਮਨ ਗੁਰੂ ਨਾਲ ਮਿਲ ਕੇ ਅਕਾਲ ਪੁਰਖ ਨੂੰ ਜਾ ਮਿਲਦੇ ਹਨ।

ਸਾਧ ਸੰਗਤ ਕੀ ਭੀਰੁ ਜੋ ਪਾਈ ਤਉ ਨਾਨਕ ਹਰਿ ਸੰਗ ਮੀਰਿਆ॥


**THE SIKH REVIEW**
(A Monthly Magazine)

116 Karnani Mansion
25-A, Park Street, Calcutta - 70016

# ਕਲਾਕਾਰ ਤੇ ਬਲੀਦਾਨ

ਪ੍ਰੋ: ਪਿਆਰਾ ਸਿੰਘ ਪਦਮ

ਕਲਾਕਾਰ ਸਬੰਧੀ ਜਿੱਥੇ ਇਹ ਮੰਨਿਆ ਜਾਂਦਾ ਹੈ ਕਿ ਉਹ ਸੂਖਮ, ਅਤੀ ਸੂਖਮ ਸ਼ੈਆਂ ਨੂੰ ਰੂਪਮਾਨ ਕਰ ਕੇ ਸਾਡੇ ਸਾਹਮਣੇ ਲਿਆਉਂਦਾ ਹੈ, ਉਥੇ ਉਸ ਬਾਰੇ ਇਹ ਪ੍ਰਚਲਤ ਖਿਆਲ ਵੀ ਦਰੁਸਤ ਹੀ ਕਿਹਾ ਜਾਣਾ ਚਾਹੀਦਾ ਹੈ ਕਿ ਇੰਨੇ ਸੂਖਮ ਤੇ ਨਾਜ਼ਕ ਕੰਮ ਕਰਨ ਵਾਲਾ ਕਲਾਕਾਰ ਆਪ ਵੀ ਅਤੀ ਸੂਖਮ ਤੇ ਨਾਜ਼ਕ ਜਿਹਾ ਹੁੰਦਾ ਹੈ। ਉਹ ਮੁਸ਼ਕਲਾਂ ਬਰਦਾਸ਼ਤ ਨਹੀਂ ਕਰ ਸਕਦਾ, ਸੰਕਟ ਉਸ ਲਈ ਅਤੀ ਭਿਆਨਕ ਜਾਪਦੇ ਹਨ। ਤਕਲੀਫ ਨਾਂ ਦੀ ਚੀਜ਼ ਉਸ ਦੇ ਨਾ-ਮੁਆਫਕ ਹੈ, ਮਾਮੂਲੀ ਦੁੱਖ ਉਸ ਨੂੰ ਬਹੁਤ ਡਰਾਉਣੇ ਜਾਪਦੇ ਹਨ, ਕਿਸੇ ਦਾ ਦਿਲ ਦੁਖਾਉਣ ਜਾਂ ਕਿਸੇ ਨਾਲ ਲੜਨਾ ਝਗੜਨਾ ਉਸ ਦੀ ਤਬੀਅਤ ਦੇ ਖਿਲਾਫ ਹੈ। ਸੂਖਮ ਕਲਾ ਦਾ ਉਹ ਕਰਤਾ ਇਨ੍ਹਾਂ ਅੱਥਰੀਆਂ ਤੇ ਬੇਢਵੀਆਂ ਚੀਜ਼ਾਂ ਨੂੰ ਕਿਵੇਂ ਪਸੰਦ ਕਰ ਸਕਦਾ ਹੈ। ਉਹ ਰਾਜਨੀਤਕ ਉਪੱਦਰਵ ਤੋਲਣ ਵਾਲਿਆਂ ਵਾਂਗ ਮੰਦਾ ਸ਼ਬਦ ਆਪਣੇ ਵਾਕਾਂ ਵਿਚ ਸ਼ਾਮਲ ਨਹੀਂ ਕਰਦਾ ਸਗੋਂ ਅਜੇਹਾ ਕਰਨਾ ਪਾਪ ਸਮਝਦਾ ਹੈ।

ਉਹ ਤੇ ਕਾਲੀ ਸਿਆਹੀ ਵਿਚੋਂ ਵੀ ਦੁਨੀਆਂ ਨੂੰ ਦੁਧ ਚਿੱਟਾ ਨੂਰਾਨੀ ਪ੍ਰਕਾਸ਼ ਦਿੰਦਾ ਹੈ। ਉਸ ਦਾ ਬੁਰਸ਼ ਸੂਰਜ,ਚੰਦ ਤੇ ਸਿਤਾਰਿਆਂ ਨੂੰ ਅਸਮਾਨੋਂ ਧਰਤੀ ਤੇ ਲਿਆ ਖੜਾਂਦਾ ਹੈ। ਪੱਥਰ ਜਹੀਆਂ ਸਖਤ ਚੀਜ਼ਾਂ ਵਿਚ ਕੋਮਲਤਾ ਦੇ ਭਾਵ ਮੂਰਤੀਮਾਨ ਕਰ ਦੇਣੇ ਉਸ ਦੇ ਹਿੱਸੇ ਆਇਆ ਹੈ। ਮਹਾਤਮਾ ਬੁਧ ਅਤੀ ਕੋਮਲ ਦੇਵਤਾ ਰੂਪ ਸਨ ਪਰੰਤੂ ਉਨ੍ਹਾਂ ਦੀ ਕੋਮਲਤਾ ਨੂੰ ਪੱਥਰਾਂ ਵਿਚ ਵੀ ਦਰਸਾ ਦੇਣਾ ਕਲਾਕਾਰ ਦੀ ਕਰਾਮਾਤ ਹੈ। ਗਲ ਕੀ ਕਲਾਕਾਰ ਕੋਮਲਤਾ ਦਾ ਪੁੰਜ ਹੈ, ਕੋਮਲ ਵਾਯੂ-ਮੰਡਲ ਤੋਂ ਸਿਵਾ ਉਸ ਨੂੰ ਹੋਰ ਕੁਝ ਭਾਉਂਦਾ ਨਹੀਂ। ਇਸੇ ਕੋਮਲਤਾ ਨੂੰ ਸਾਰੇ ਜਗਤ ਵਿਚ ਪਸਾਰਨ ਲਈ ਉਹ ਆਪਣੀ ਕਲਾ ਕ੍ਰਿਤ ਕਰਦਾ ਰਹਿੰਦਾ ਹੈ। ਕੋਮਲਤਾ ਉਸ ਦਾ ਸਾਧਨ ਹੈ, ਕੋਮਲਤਾ ਉਸ ਦਾ ਮਨੋਰਥ ਹੈ। ਫਿਰ ਅਜਿਹਾ ਕਲਾਕਾਰ ਅਸੁਰੀ ਗੁਣਾਂ ਨਾਲ ਆਪਣੀ ਸਾਂਝ ਕਿਵੇਂ ਪਾ ਸਕਦਾ ਹੈ? ਹਰਗਿਜ਼ ਨਹੀ। ਕਿਸੇ ਨੂੰ ਮੰਦਾ ਆਖਣਾ ਉਸ ਨੂੰ ਆਪ ਮੰਦਾ ਲਗਦਾ ਹੈ, ਉਹ ਇਸ ਰਾਹ ਕਦੀ ਕਦਮ ਨਹੀਂ ਰਖਦਾ ਸਗੋਂ ਦੂਜਿਆ ਨੂੰ ਵੀ ਆਖਦਾ ਹੈ:-

> 'ਹਿਕ ਫਿਕਾ ਨਾ ਗਲਾਇ
> ਸਭਨਾ ਮੈ ਸਚਾ ਧਣੀ।' (ਬਾਬਾ ਫਰੀਦ)
> 'ਪਰ ਕਾ ਬੁਰਾ ਨਾ ਰਾਖਹੁ ਚੀਤ
> ਤੁਮ ਕਉ ਦੁਖ ਨਹੀਂ ਭਾਈ ਮੀਤ'
> 'ਮਨ ਆਪਨੇ ਤੇ ਬੁਰਾ ਮਿਟਾਨਾ
> ਪੇਖੈ ਸਗਲ ਸ੍ਰਿਸਟਿ ਸਾਜਨਾ (ਗੁਰੂ ਅਰਜਨ)

ਕਲਾਕਾਰ ਵਿਚ ਅਭਿਮਾਨ ਨਹੀਂ ਹੁੰਦਾ। ਜਿਥੇ ਪਾਲਿਟਿਕਸ ਦੇ ਸ਼ੌਕੀਨ ਆਪਣੇ ਆਪ ਨੂੰ ਸਰਬ ਗੁਣ-ਸੰਪੰਨ ਦੱਸ ਕੇ ਅਮੀਰਾਂ ਤੋਂ ਪੈਸੇ ਤੇ ਗਰੀਬਾਂ ਤੋਂ ਵੋਟ ਲੈਂਦੇ ਹਨ, ਉਥੇ ਕਲਾਕਾਰ ਆਪਣੇ ਆਪ ਨੂੰ ਛੋਟਾ ਆਖ ਕੇ ਵੱਡਾ ਹੋਣ ਦਾ ਸੰਦੇਸ਼ ਦਿੰਦਾ ਹੈ :-

> 'ਜੋ ਲੋੜਹਿ ਚੰਗਾ ਆਪਣਾ ਕਰਿ ਪੁੰਨਹੁ ਨੀਚ ਸਦਾਈਐ '
> (ਗੁਰੂ ਨਾਨਕ)
> 'ਆਪਸ ਕਉ ਜੋ ਜਾਣੈ ਨੀਚਾ, ਸੋਊ ਗਨੀਐ ਸਭ ਤੇ ਊਚਾ'
> (ਗੁਰੂ ਅਰਜਨ)

ਗੁਰੂ ਅਰਜਨ ਮਹਾਨ ਕਲਾਕਾਰ ਸਨ, ਕੋਮਲ ਕਵੀ ਤੇ ਮਧੁਰ ਗਵੱਈਏ। ਉਨ੍ਹਾਂ ਜਿਥੇ ਹਜ਼ਾਰਾਂ ਦੀ ਤਾਦਾਦ ਵਿਚ ਆਪ ਰੂਹਾਨੀ ਗੀਤ ਲਿਖੇ, ਉਥੇ ਹਿੰਦੁਸਤਾਨ ਭਰ ਦੇ ਸੰਤ-ਸਾਹਿਤ ਨੂੰ ਸੰਚਿਤ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੈਸੀ ਮਹਾਨ ਰਚਨਾ ਰਚੀ। ਉਸ ਕਲਾਕਾਰ ਦਾ ਇਹ ਉਪਕਾਰ ਅਜੇ ਤਕ ਹਿੰਦੁਸਤਾਨੀ ਨਜ਼ਰਾਂ ਸਾਹਮਣੇ ਪੂਰੀ ਤਰ੍ਹਾਂ ਨਹੀਂ ਆਇਆ। ਹਿੰਦੁਸਤਾਨ ਦੇ ਕਲਾ-ਪਾਰਖੂਆਂ ਨੂੰ ਜਾਣਨਾ ਚਾਹੀਦਾ ਹੈ ਕਿ ਉਸ ਮਹਾਨ ਕਲਾਕਾਰ ਦੀ ਇਹ ਕਿਤਨੀ ਵੱਡੀ ਮਹਾਨ ਕ੍ਰਿਤ ਹੈ ਤੇ ਇਸ ਵਿਚ ਸਾਡੀ ਜ਼ਿੰਦਗੀ ਦੀਆਂ ਅੱਜ ਦੀਆਂ ਸਮੱਸਿਆਵਾਂ ਦੇ ਕਿਤਨੇ ਸੁੰਦਰ ਹੱਲ ਮੌਜੂਦ ਹਨ।

ਸੁੰਦਰ ਵਿਸ਼ਾਲ ਤਾਲ ਦੇ ਦਰਮਿਆਨ ਹਰਿਮੰਦਰ ਦੀ ਕਲਪਨਾ ਵੀ ਇਸੇ ਕਲਾਕਾਰ ਦਾ ਕ੍ਰਿਸ਼ਮਾ ਸੀ, ਜਿਥੇ ਇਹ ਰੂਹਾਨੀ ਸੰਗੀਤ ਸਦਾ ਗੂੰਜਦਾ ਰਹਿਣਾ ਸੀ, ਫਿਰ ਇਸ ਨੂੰ ਜਿਵੇਂ ਮਨੋਹਰ ਤੇ ਆਕਰਸ਼ਕ ਬਣਾਇਆ ਗਿਆ, ਉਹ ਅਦੁਤੀ ਕ੍ਰਿਸ਼ਮਾ ਸੀ।

ਗੁਰੂ ਅਰਜਨ ਦੇਵ ਗਵਈਏ ਕਵੀ ਸਨ, ਸਰੰਦਾ ਉਨ੍ਹਾਂ ਦਾ ਮਨ-ਪਸੰਦ ਸਾਜ਼ ਸੀ। ਉਨ੍ਹਾਂ ਨੂੰ ਵੀ ਲੋਕ ਕੋਮਲ ਕਲਾਕਾਰ ਹੋਣ ਦੇ ਨਾਤੇ ਸੂਖਮ ਤੇ ਨਾਜ਼ਕ ਜਿਹਾ ਹੀ ਖਿਆਲ ਕਰਦੇ ਸਨ, ਪਰ ਇਸ ਅਨੋਖੇ ਕਲਾਕਾਰ ਨੇ ਆਖਿਆ, "ਕਸ਼ਟਾਂ, ਸੰਕਟਾਂ, ਤਕਲੀਫਾਂ, ਦੁੱਖਾਂ ਜੈਸੀਆਂ ਬਿਖੜੀਆਂ ਤੇ ਅੱਥਰੀਆ ਚੀਜ਼ਾਂ ਵਿਚ ਵੀ ਕੋਮਲਤਾ ਨੂੰ ਕਾਇਮ ਰਖਣਾ ਚੰਗੇ ਕਲਾਕਾਰ ਦੀ ਨਿਸ਼ਾਨੀ ਹੈ। ਖੁਸ਼ੀ ਵਿਚ ਖੁਸ਼ੀ ਹਰ ਕੋਈ ਮਾਣ ਸਕਦਾ ਹੈ ਪਰ ਸੱਚਾ ਕਲਾਕਾਰ ਉਹ ਹੈ ਜੋ .ਗਮੀ ਦੇ ਪਹਾੜ ਢਹਿਣ ਤੇ ਵੀ ਖੁਸ਼ੀ ਹੀ ਮਾਣੇ.."

> ਜੇ ਭੁਖ ਦੇਹਿ ਤ ਇਤ ਹੀ ਰਾਜਾ, ਦੁਖ ਵਿਚ ਸੁਖ ਮਨਾਈ।

ਕੁਦਰਤ ਕਲਾਕਾਰ ਦੀ ਇਸ ਅਨੋਖੀ ਵਿਆਖਿਆ ਦੀ ਪ੍ਰਤਿਗਿਆ ਤੇ ਹੱਸੀ, ਉਸ ਕਿਹਾ, 'ਕਲਾਕਾਰ ਗਵਈਏ ਬੇਚਾਰੇ ਨਾਜ਼ਕ ਜਹੇ ਤੇ ਸੂਖਮ-ਸਰੀਰੇ ਹੁੰਦੇ ਹਨ ਉਹ ਦੁਖ ਵਿਚ ਸੁਖ ਕਿਵੇ 'ਮਨਾ ਸਕਦੇ ਹਨ? ਦੁਨੀਆਂ ਇਸ ਗੱਲ ਤੋਂ ਜਾਣੂ ਨਹੀਂ।' ਕਲਾਕਾਰ ਨੇ ਇਸ ਦੀ ਸਪਸ਼ਟਤਾ ਲਈ ਸਮੂਹ ਕਸ਼ਟਾਂ ਨੂੰ ਬੁਲਾਵਾ ਦਿੱਤਾ, ਸੰਸਾਰ ਨੇ ਵੇਖਿਆ:

> ਸੇਜ ਵਿਛਾਈ ਕੰਤ ਕੂ, ਕੀਆ ਹਭਿ ਸੀਗਾਰੁ।
> ਇਤੀ ਮੰਝਿ ਨ ਸਮਾਵਨੀ, ਜੇ ਗਲਿ ਪਹਿਰਾ ਹਾਰ।

ਆਖਣ ਵਾਲਾ, ਇਤਨੀਆਂ ਨਾਜ਼ਕ-ਖਿਆਲੀਆਂ ਬਿਆਨ ਕਰਨ ਵਾਲਾ ਕਲਾਕਾਰ ਤੱਤੀ ਰੇਤ ਵੀ ਸੀਸ ਤੇ ਸਹਿ ਸਕਦਾ ਹੈ। ਸਰੰਦੇ ਨਾਲ ਮੋਹਨ ਦੀਆਂ ਗਲੀਆਂ ਵਿਚ ਵਜਦ ਦੇ ਗੀਤ ਗਾਉਣ ਵਾਲਾ ਗਵਈਆ, ਉਬਲਦੀ ਦੇਗ ਵਿਚ ਬੈਠ ਆਪਣਾ ਨਗਮਾ ਨਹੀਂ ਭੁਲਦਾ। ਉਹ ਆਪਣੀ ਤਾਨ ਛੇੜਦਾ ਚਲਿਆ ਜਾ ਰਿਹਾ ਹੈ। ਮੀਆਂ ਮੀਰ ਜੈਸੇ ਸਰੋਤੇ, ਕਲਾਕਾਰ ਦੀ ਇਹ ਧੁਨੀ ਸੁਣ ਕੇ ਤ੍ਰਭਕ ਉਠੇ। ਲੋਕਾਂ ਚੰਗੀ ਤਰ੍ਹਾਂ ਜਾਣ ਲਿਆ ਇਤਿਹਾਸ ਨੇ ਨਵੀਆਂ ਸਤਰਾਂ ਲਿਖੀਆਂ। 'ਕਲਾਕਾਰ ਇਸ ਮਾਮਲੇ ਵਿਚ ਨਾਜ਼ਕ ਨਹੀਂ ਉਹ ਅਬਿਨਾਸੀ ਅਮਰ ਕਲਾ ਲਈ ਆਪਣਾ ਬਲੀਦਾਨ ਵੀ ਦੇ ਸਕਦਾ ਹੈ।' ਕੋਮਲ- ਆਤਮਾ ਦੀ ਅਤੀ ਕਰੜੀ ਬਿਖਮ ਕਾਰ।

ਕਾਰਣ ਇਹ ਕਿ ਉਸਦੀ ਕੋਮਲਤਾ ਤੇ ਸਾਉਪੁਣੇ ਸਾਹਮਣੇ ਕੁਝ ਵੀ ਅਨਮੋਲ ਨਹੀਂ, ਉਹ ਗੁਣਗੁਣਾਉਂਦਾ ਹੈ-

> ਦੁਖੁ ਨਾਹੀ ਸਭ ਸੁਖ ਹੀ ਹੈ ਰੇ, ਏਕੈ ਏਕੀ ਨੇਤੈ।
> ਬੁਰਾ ਨਾਹੀ ਸਭ ਭਲਾ ਹੀ ਹੈਰੇ, ਹਾਰ ਨਹੀਂ ਸਭ ਜੇਤੈ।

# Oneness of Humankind: A Universal Principle[1]

Dr. (Bhai) Harbans Lal[2]

The human race is facing many crises now and will face many more in the twenty first century. But the human race inherits the capacity to develop technology and resources so that all of our crises could be prevented. We will have capacity to get rid of poverty or hunger, protect environments, modulate population to an optimum, and eliminate war and disease. Yet, there are indications that there may be little progress towards solving any problem. Rather, our problems may reach the state of fatal insolubility if we are unable to change our value system; values in self-definition or in our world view. Our achievements in technology may become an incentive for destruction of the race in the next century unless each one of us is able to establish a practical and creative identity in relationship to each other and to the nature that surrounds us. This identity must start with a proactive recognition of the oneness of humankind in every life behaviour and creativity, implicit or explicit. Such an identity is the foremost prerequisite for the establishment of a new society for the twenty first century.

Presently we recognize people as tribes, cultures, casts, religions, images, economic or social classes, genders, ages, politico-territorial nations, ethnic groups or family lineage. With the physical unification of the planet earth a realization is fast coming home that all who live on this planet are interrelated and interdependent. They are related to each other because they inherit a common thread of the Divine within. Therefore, we must begin the making of a new history of one humankind under Divine guidance without any distinction. The year of 1999 is the most appropriate opportunity to launch the making of such an history. It will be an opportunity for the Sikhs to fulfill their Guru's prophesy when they undertake this cause. Their launch will be totally under the inspiration from our Guru.

The new history should be based on recognizing humankind as a one people under the principle of humankind as one human race under God. An important commandment from Guru Gobind Singh[3] and similar commandments from prophets of all other religions will provide strength in such an undertaking. In addition, we are urged to proceed towards this goal by the wisdom we have derived from the wealth of all the genetic and cultural diversity that has evolved through past ages. We are now ready to be challenged as the earth's inhabitants to draw on our collective inheritance to take up the responsibility for the design of our future as one race and one nation under God. Gurmat endorses forcefully the establishment of the new order under the principles of unity of humankind for promoting sarbat ka bhala[4]. The Guru told us this directly that all human beings are illuminated by Divine light which runs through every one as a single thread.

**ਸਭ ਮਹਿ ਜੋਤਿ ਜੋਤਿ ਹੈ ਸੋਇ।। ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ**

Every heart contains the Divine Light and it is the same Light. It is the Light of the Lord that

---

[1] The verses from the scriptures are from Sri Guru Granth Sahib. They are cited with the author, source, page and line numbers according to the Granth published by the Shiromni Gurdwara Parbhandak Committee, Amritsar. Each verse is followed by a brief commentary in the light of the subject of this discussion that may be distinct from an exact translation.

Modified From, Proactive Recognition of The Oneness of Humankind, From Both sides of the Ocean, 38 (March-April): 13-15, 1997.

This article is from the Series on Sarbat Ka Bhalla. For other articles in the series, see: Seeking Good of humankind, Abstract of Sikh Studies, October-December, 126-127, 1996; Failure of the Twentieth Century Ideology, Amrit Kirtan, March, 12-15, 1996; Sarbat Ka Bhalla Through Awakening of Human Spirit, Abstracts of Sikh Studies. Octuber-December, 61-66, 1996;

[2] Address all correspondence to Dr. Harbans Lal, Ph.D., D. Litt. (Hons.) Professor and Chairman, Department of Pharmacology, University of North Texas Health Science Center at Fort Worth, 3500 Camp Bowie Blvd. Fort. Worth, Texas 76016.

[3] ਮਾਨਸ ਕੀ ਜਾਤਿ ਸਭੈ ਏਕੈ ਪਹਿਚਾਨਬੋ said by Guru Gobind Singh in Akal Ustat, Chhand 85.1.4.

[4] It is a declaration of Sikh beliefs in the Good of humankind.

brightens all hearts.

Guru Gobind Singh echoed this voice further by saying.

ਜੈਸੇ ਏਕ ਆਗ ਤੇ ਕਨੂਕਾ ਕੋਟਿ ਆਗ ਉਠੇ, ਨਿਆਰੇ ਨਿਆਰੇਂ ਹੁਏ ਕੈ ਫਿਰ ਆਗ ਮੈਂ ਮਿਲਾਹਿਗੇ॥ ਜੈਸੇ ਏਕ ਧੂਰਿ ਤੇ ਅਨੇਕ ਧੂਰਿ ਪੂਰਤ ਹੈ, ਧੂਰਕੇ ਕਨੂਕਾ ਫਿਰ ਧੂਰ ਹੀ ਸਮਾਹਿਗੇ॥ ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈ, ਪਾਨ ਕੇ ਤਰੰਗ ਸਭ ਪਾਨ ਹੀ ਕਹਾਹਿੰਗੇ॥ ਤੈਸੇ ਬਿਸਵ ਰੂਪ ਤੇ ਅਭੂਤ ਭੂਤ ਪ੍ਰਗਟ ਹੋਇ, ਤਾਹੀਂ ਤੇ ਉਪਜਿ ਸਬੈ ਤਾਹੀ ਮੈ ਸਮਾਹਿੰਗੇ॥[6]

*As out of a fire arise millions of sparks; but all of them merge back into the same fire. As out of dust arise millions of dust particles; but all of them merge back into the same dust. As out of a single ocean arise millions of waves; but all of them merge in to the water. So from God's form. emerge all creation, animate and inanimate; and all of them are in equilibrium with the Creator.*

In the materialistic world of today we have been encouraged throughout the past century to be proud of being American, Canadian, English, German, Punjabi, Indians or whatever our geopolitical nationality may be. But when we discover that we are citizens of the Divine Kingdom as brothers and sisters, we must realize that the world citizenship has been bestowed upon us regardless of the flag that flies over us, the color of our skin, or the church to which we belong. We are urged that sarbat ka bhala is the fundamental principal to live by. In the world, under this principle no one can be limited to a continent, country, to a nation, or to a state. Every one is and will be living in the kingdom of God, and in that kingdom every one is in the household of God, an heir of God, and a jointheir with every other spiritual being in this wide world of ours, of one great family, and of one great spiritual brotherhood.

Guru Nanak described four centuries ago this world as one which was for every one and where every one was well taken care of.:

ਸੋ ਦਰ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ[7]

*I describe to you that kingdom and that house where all are taken well care of.*

Guru Arjan further described the one Lord of this kingdom as:

ਤੂੰ ਸਾਝਾ ਸਾਹਿਬੁ ਬਾਪੁ ਹਮਾਰਾ॥ ਨਉ ਨਿਧਿ ਤੇਰੈ ਅਖੁਟ ਭੰਡਾਰਾ॥ ਜਿਸੁ ਤੂੰ ਦੇਹਿ ਸੁ ਤ੍ਰਿਪਤਿ ਅਘਾਵੈ ਸੋਈ ਭਗਤੁ ਤੁਮਾਰਾ ਜੀਉ॥ 2॥ ਸਭੁ ਕੋ ਆਸੈ ਤੇਰੀ ਬੈਠਾ॥ ਘਟ ਘਟ ਅੰਤਰਿ ਤੂੰਹੈ ਵੁਠਾ॥ ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ[8]

*Thou are the father of us all and our common master. All treasures of your kingdom are inexhaustible. Whom so ever you give is for ever sated and becomes the devote to Thee. All live in thy hope. On all hearts shower Thy pleasures. All are known as partners and you are alien to none.*

We are one people under God. Guru Gobind Singh made this as a proclamation when he called humankind as a one living body. Its parts may look different and move in different directions. But all of them serve the same body. Only a blind person will describe it differently. People who divide people are like the legendary blind men who could touch only parts of an elephant and thus described the beast through its disconnected body parts. Only when their sight was restored that they realized their deception.

To rise above the limitations of personal sense does not make us any less of a good Sikh, Hindu, Jew or a Christian, or for that matter less of a citizen. In fact, it makes us better adherents to our faith and better citizens because we respect the faith and citizenship of other person. Real citizenship is to live in fellowship, but this cannot be experienced until the nature of our true identity is understood, and then, whether we are Jew or Greek, Sikhs or Hindus, bonded or free, we are all of one spiritual house-hold. The apparent differences are found only skin deep. Guru Gobind Singh rightfully pointed out to the numerous cultural influences that distract human beings from their Divine unity and which mold

[5] Dev, Guru Nanak: In Sri Guru Granth Sahib (1604), p. 663. 1.9.
[6] Singh, Guru Gobind, Akal Ustat, Chhand 87.
[7] Dev, Guru Nanak: In Sri Guru Granth Sahib (1604),p. 6, 1.4.
[8] Dev, Guru Arjan: In Sri Guru Granth Sahib (1604), p. 97, 1.6.
[9] Singh, Guru Gobind, Akal Ustat, Chhand 86.1.2.

the human behavior into a variety of apparent differences.

ਮਾਨਸ ਸਬੇ ਏਕ ਪੈ ਅਨੇਕ ਕੋ ਭਰਮਾਉ ਹੈ[9]

*All human being are one and the same although there is a deception of differences due to multitude of environments and societies.*

Guru Gobind Singh said that the religious and cultural diversities that are observed are only imprints of geographical diversities.

ਦੇਵਤਾ ਅਦੇਵ ਜੱਛ ਗੰਧ੍ਰਬ ਤੁਰਕ ਹਿੰਦੂ ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ[10]

Many are gods or others demons. There are heavenly tribes and the learned people or the artists. They may be seen as Muslims (citizens of Islamic nations) or Hindus (natives of Indian subcontinent). They all look and act differently, but their differences are made up of influence from their countries, cultures or the clothes that cover their bodies.

ਦੇਸ ਵੇਸ ਸੁਵਰਨ ਰੁਪਾ ਸਗਲ ਊਣੇ ਕਾਮਾ[11]

*Motherland, clothes, gold and silver - all of these are without merit.*

People who describe each other as a race, such as Aryan, Greek, Jew or Caucasiean, are grossly mistaken. They are children of one God. They live in one world. Through the proclamation of the oath that we take on our initiation or others who do so for their faith, we acknowledge our Divine kinship. No matter what appearance we carry, what illnesses or other genetic variations are endowed with, we must surmount all those by firming our belief in the parenthood of God. The Gurus said that this world is a house of God where all of His children live as one family

ਏਕ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ[12]

*Thou are our only father and we only Thy children, O lord. Thou are our only mentor.*

If we were born in separate families, that was also the global planning of the Creator. The Creator only gave us our earthly parents to run this system but never to indicate any division in our human race.

ਮਾਈ ਬਾਪ ਪੁਤ੍ਰ ਸਭਿ ਹਰਿ ਕੇ ਕੀਏ ॥ ਸਭਨਾ ਕਉ ਸਨਬੰਧੁ ਹਰਿ ਕਰਿ ਦੀਏ[13]

*Mothers, fathers and children are creation of God. Only God created all relationships among them.*

Guru Arjan described all people of the world as God's dependents, the Lord lives in every one and they are all one association. He did not see any one outside. God was described as the creator and sustainer of all. All of us are dependent of one giver. Thus we are all the same and none should be taken as a stranger.

ਸਭਨਾ ਕਾ ਮਾਂ ਪਿਉ ਆਪਿ ਹੈ ਆਪੇ ਸਾਰ ਕਰੇਇ[14]

*He Himself is the Father and Mother of all and He Himself takes care of all.*

ਸਭਨਾ ਉਪਰਿ ਨਦਰਿ ਪ੍ਰਭ ਤੇਰੀ ॥ ਕਿਸੈ ਥੋੜੀ ਕਿਸੈ ਹੈ ਘਣੇਰੀ[15]

*Some have limited bounty and others possess abundance. But Thou bestow Thy kind eye on every one.*

Guru Gobind Singh Fortified the previous proclamation by describing the humans as one race. While implementing his Divine mission on this earth the Guru asked his followers to consider humankind as one race.

ਮਾਨਸ ਕੀ ਜਾਤਿ ਸਭੈ ਏਕੈ ਪਹਿਚਾਨਬੋ[16]

*Recognize all humans as one and the same race.*

The Guru further elaborated on the apparent differences among people,

ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ ਖਾਕ ਬਾਦ ਆਤਸ਼ ਔ ਆਬ ਕੋ ਰਲਾਉ ਹੈ [17]

*Please obseve carefully. All have the same eyes, same ears, same bodies and similar construction, They are constructed from the same clay, air, fire, water and other elements.*

In-spite of all those pronouncements and claims by our mentors, we are still very firm on the definitions of an human beings

---

[10] Singh, Guru Gobind, Akal Ustat, Chhand 86.1.3.
[11] Dev, Guru Arjan: In Sri Guru Granth Sahib (1604),p. 547, 1.18
[12] Dev, Guru Arjan: In Sri Guru Granth Sahib (164), p. 611, 1.19.
[13] Das, Guru Amar: In Sri Guru Granth Sahib (1604), p. 493.15.
[14] Das, Guru Amar: In Sri Guru Granth Sahib (164),p. 653, 1.18.
[15] Das, Guru Amar: In Sri Guru Granth Sahib (1604),p. 119, 1.9.
[16] Singh Guru Gobind, Akal Ustat, Chhand 85. 1.4.
[17] Singh Guru Gobind, Akal Ustat, Chhand 86. 1.5.

based on those promoted by ancient traditions of ritualism and sectarianism disseminate by ethnic religions. Prevailing religious thoughts are still partisan. They seem incapable of translating our expressed faith in the spiritual dimensions of human nature into a recognition of the oneness of humankind. This is the one reason for losing our confidence in humanity's collective capacity to transcend material conditions. Guru Gobind Singh warns us against those divisions and urges us to seek protection of one creator for whole human race.

ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ ਕੋਊ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ॥ ਹਿੰਦੂ ਤੁਰਕ ਕੋਊ ਰਾਫਸੀ ਇਮਾਮ ਸਾਫੀ ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ॥ ਕਰਤਾ ਕਰੀਮ ਸੋਈ ਰਾਜਕ ਰਹੀਮ ਓਈ ਦੂਸਰੋ ਨ ਭੇਦ ਕੋਈ ਭੂਲ ਭਰਮ ਮਾਨਬੋ॥ ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ॥ ੧੫ ॥ ੮੫॥[18]

*Many believe that they become superior by accepting celibacy or undertaking meditation, by giving up material comforts, by making themselves look different, or by wearing long and matted hair or no hair. Others feel higher by joining a particular sect of Islam as, Shia, Sunni, etc. But no one should overlook the basic fact that followers of all religions are the same human beings. The Creator of all provides for the needs of all humans There is one Lord of all and that Lord alone should be worhshipped. Do not remain an ignorant and believe in anyone else except the Lord. All humanity is equal, each one of us carries the reflection of the Creator in us, and we are all manifestations of one Creator.*

The concept that humanity constitutes a single people is deceptively simple in a popular dialogue. However, in reality, it presents a fundamental challenge to the way that most of the institutions of contemporary society carry out their day to day business. These ways are shamelessly manifested in many forms. There are abundance of the adversarial relationship among world religions. Those advocating supremacy of one religion over other are fanatically glorified. Glorification is bestowed on any struggle between social classes and other groups. Selfish motives can be found underlying most of political movements. The competitive spirit dominates so much of modern life. Conflict is advocated as the mainspring of human interaction. There are numerous other expressions of divisiveness in cultural and religious organizations that have been progressively consolidated in human life over the past two centuries. Laying the groundwork for global civilization according to *sarbat ka bhala* principle calls for the destruction of those divisive boundaries. It calls for creation of faiths, cultures, rituals, codes and institutions that are universal in scope, character and authority. To assist in our understanding of what is required, let us take an example from Sikh history.

Banda Singh Bahadur, a contemporary of Guru Gobind Singh and the leader of the Khalsa after the Guru left for heavenly abode, established the first Sikh Kingdom with a capital at Lohgarh in present Ambala district of the State of Haryana in India. On this occasion, he issued the Sikh Seal that was imprinted on the coin of the Sikh Government. The seal was designed in the language of the people and the land of that time. The original seal was imprinted in Persian language and Persian script reads as below.

***sikkah zad br hr do alam, tegh-i-nanak vhib ast,***
***fatah-i-gobind singh shah-i-shahan, fadl-i-sachcha sahib ast.***[19]

*We hereby proclaim our sovereignty over both the worlds, the seen and unseen. The sword of the central doctrine of Nanak destroys the evils of both the worlds, the poverty and slavery on this earth, and the sickness of the soul hereafter.*

*The final victory in our struggle has been vouchsafed by Guru Gobind Singh, the Harbinger (messenger) of the good tidings of the*

[18] Singh Guru Gobind, Akal Ustat, In: Chaunnvee Banee Dasam Granth, Ed. Lal Singh, Nav Yg Publishers, Delhi, 1987. P..92.

[19] Singh, Kapoorm in: Sikhism For Modern Man, Guru Nanak Dev University Press, Amritsar. p. 71

*ever present Grace of God.*

It is clear that the Sikh political power was aimed at creating a world of miri piri, the Divine Kingdom encompassing the both worlds.

Promotion of responsibility for the good of humankind must be distributed among all for maximum effectiveness. This is a paramount consideration for its success. The bedrock of a strategy that can engage the world's population in assuming responsibility for its collective destiny must be based on promotion of the consciousness of the oneness of humankind. As the Guru said.

ਜੇਤੇ ਜੀਅ ਤੇਤੇ ਸਭਿ ਤੇਰੇ[20]

*As many are the living creatures, they are all Thine, O Lord.*

The above doctrine establishes both a spiritual and a corporal relationship with God, a human becomes one with the Creator.

At the end of the twentieth century, we must repent our yielding to leave our Divine parents' house and, instead, claiming a human pedigree for ourselves which is presently determining our place in the universe. That belief has been a cause of many heart burns. Now is the opportunity to discard such beliefs, Instead, we should fully realize that we are one with every one and with the all and that every one is one with us, every thing in our own individual life and in our environment should attain a reverent peace. Divine gifts of love, grace, creativity, peace, and happiness will be revealed from our own selves, and stay with us for a long time. Once these gifts are recognized to nourish our existence they will be lived throughout all of our activities, They will permeate through our worship, our prayers, our work, our creativity, our relationships, and our political processes. The experience of oneness will become the invisible thread of life with which we will be united between ourselves and with the Divine.

ਪਿਤਾ ਹਮਾਰੇ ਪ੍ਰਗਟੇ ਮਾਝ ॥ ਪਿਤਾ ਪੂਤ ਰਲਿ ਕੀਨੀ ਸਾਂਝ ॥[21]

The Guru gave us the doctrines to guide us in building a new future. In such a future the responsibility to lead should be given in the ha nds of those people who have come to believe in the oneness of humankind under the Divine guidance. Let the people embrace the concept of the oneness of humanity wholeheartedly and practice it in every behaviour and creativity and not just as part of their daily prayer. Let people reorient themselves away from the age-old demons of ethnic and religious strife. The people must first identify the patterns of conflict that have dominated social, religious and political life in the past, and then run away from all of them. Let there be a dawn of consciousness that people inhabiting the planet constitute a single people. Let people begin to learn the ways of consiliation, acceptance and collaboration. Let the leaders propagate *sarbat ka bhala* principles through their rhetoric, actions, educational systems and the media of mass communication. Once a threshold of belief and action is crossed, a permanent process will have been set in motion through which the peoples of the world can be drawn into the task of formulating common goals of *sarbat ka bhala* and commit themselves to their attainment. It is a great opportunity for the followers of the Divine mission to give a lead.

[20]Dev, Guru Nanak: In Sri Guru Granth Sahib (1604), p. 354, 1.18.

[21]Dev, Gruru Arjan: In Sri Guru Granth Sahin (1604), p. 1181, 1.10


## ਅੰਮ੍ਰਿਤ ਕੀਰਤਨ ਦਾ ਚੰਦਾ ਭੇਜੋ ਜੀ

ਜੋ ਤੁਸੀਂ ਅਜੇ ਤਕ ਅੰਮ੍ਰਿਤ ਕੀਰਤਨ ਦਾ ਚੰਦਾ ਨਹੀਂ ਭੇਜਿਆ ਤਾਂ ਤੁਰੰਤ ਭੇਜਣ ਦੀ ਕਿਰਪਾ ਕਰੋ। ਆਪ ਦੀ ਮਾਇਕ ਸਹਾਇਤਾ ਨਾਲ ਹੀ ਇਹ ਮੈਗਜ਼ੀਨ ਨਿਰੰਤਰ ਅਤੇ ਨਿਰਵਿਘਨ ਜਾਰੀ ਰਖਿਆ ਜਾ ਸਕਦਾ ਹੈ। ***ਜੇ ਤੁਸੀਂ ਮੈਗਜ਼ੀਨ ਬੰਦ ਕਰਨਾ ਚਾਹੁੰਦੇ ਹੋ ਤਾਂ ਵੀ ਸਾਨੂੰ ਸੂਚਿਤ ਕਰਨ ਦੀ ਖੇਚਲ ਕਰੋ ਜੀ।***

## ਬਸੰਤ ਕੀ ਵਾਰ ਅਤੇ ਇੱਕ ਘਟਨਾ

ਆਵਤ ਸਿੰਘ

ਬਸੰਤ ਕੀ ਵਾਰ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਰਚਨਾ ਹੈ। ਇਸ ਵਿਚ ਬਨਸਪਤੀ ਦੇ ਪ੍ਰਫੁਲਤ ਹੋਣ ਦੇ ਰੂਪਕ ਦਰਸਾ ਕੇ, ਮਨੁਖ ਨੂੰ ਆਪਣਾ ਸੁੱਕਾ ਮਨ ਹਰਾ ਕਰਨ ਦੀ ਪ੍ਰੇਰਨਾ ਦਿੱਤੀ ਗਈ ਹੈ।ਅੰਮ੍ਰਿਤ ਫਲ ਪਾਉਣ ਦਾ ਸੰਦੇਸ਼ ਹੈ। ਰੋਗ ਸੋਗ ਮਿਟਾ ਕੇ ਨਿਤ ਨਵਾਂ ਨਿਰੋਆ ਰਹਿਣ ਦੀ ਜੁਗਤ ਦੱਸੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜਿੰਨੀਆਂ ਵਾਰਾਂ ਆਈਆਂ ਹਨ ਉਨ੍ਹਾਂ ਵਿਚ ਬਸੰਤ ਕੀ ਵਾਰ ਸਭ ਤੋਂ ਛੋਟੀ ਹੈ।

**ਬਸੰਤ ਕੀ ਵਾਰ ਦਾ ਇਤਿਹਾਸਕ ਘਟਨਾ ਨਾਲ ਸਬੰਧ-**

1817 (ਸੰਮਤ ਬਿਕ੍ਰਮੀ) ਦੀ ਘਟਨਾ ਹੈ। ਵੈਸਾਖੀ ਦਾ ਪੁਰਬ ਮਨਾ ਕੇ ਪੰਜ ਮਿਸਲਾਂ ਅੰਮ੍ਰਿਤਸਰ ਰਹਿ ਗਈਆਂ ਤੇ ਬਾਕੀ ਸਭ ਚਲੀਆਂ ਗਈਆਂ। ਇਹ ਮਿਸਲਾਂ ਸਨ 1. ਭੰਗੀਆਂ 2. ਰਾਮਗੜੀਆਂ 3. ਸ਼ੁਕਰਚਕੀਆਂ 4. ਘਨੱਈਆਂ ਤੇ 5. ਨਕੱਈਆਂ। ਸ਼ਾਮ ਨੂੰ ਸ੍ਰੀ ਅਕਾਲ ਤਖਤ ਤੇ ਰਹਿਰਾਸ ਸਾਹਿਬ ਦਾ ਦੀਵਾਨ ਲਗਦਾ ਸੀ। ਸ: ਹਰੀ ਸਿੰਘ ਮਿਸਲ ਭੰਗੀ ਹਰ ਰੋਜ਼ ਦੀਵਾਨ ਵਿਚ ਆਇਆ ਕਰਦੇ ਸਨ।

ਇਕ ਦਿਨ ਕਸੂਰ ਦੇ ਇਕ ਬ੍ਰਾਹਮਣ ਨੇ ਆ ਕੇ ਦੀਵਾਨ ਵਿਚ ਪੁਕਾਰ ਕੀਤੀ ਕਿ ਮੇਰੀ ਬ੍ਰਾਹਮਣੀ ਕਸੂਰ ਦੇ ਨਵਾਬ ਨੇ ਖੋਹ ਲਈ ਹੈ, ਮੈਂ ਪੰਥ ਦੀ ਸ਼ਰਨ ਆਇਆ ਹਾਂ। ਮੇਰੀ ਬ੍ਰਾਹਮਣੀ ਮੈਨੂੰ ਵਾਪਿਸ ਦਿਵਾਓ ਨਹੀਂ ਤਾਂ ਮੈਂ ਏਥੇ ਹੀ ਮਰਾਂਗਾ। ਸ: ਹਰੀ ਸਿੰਘ ਨੇ ਉਸ ਬ੍ਰਾਹਮਣ ਨੂੰ ਕਿਹਾ, ਤੁਸੀ ਕੱਲ੍ਹ ਦੀਵਾਨ ਵਿਚ ਆਉਣਾ। ਦੂਜੇ ਦਿਨ ਬ੍ਰਾਹਮਣ ਨੇ ਦੀਵਾਨ ਵਿਚ ਫਿਰ ਅਰਜ ਕੀਤੀ। ਤਦ ਸ: ਹਰੀ ਸਿੰਘ ਨੇ ਸਭ ਤੋਂ ਸਲਾਹ ਪੁੱਛੀ, ਤਦ ਦੂਜੇ ਸਿੰਘਾਂ ਨੇ ਕਿਹਾ ਕਿ ਤੁਸੀਂ ਸਿਆਣੇ ਹੋ, ਆਪਣੀ ਤੇ ਕਸੂਰ ਵਾਲਿਆਂ ਦੀ ਤਾਕਤ ਦਾ ਮੁਕਾਬਲਾ ਕਰ ਲਵੋ। ਮੁਖੀ ਜਥੇਦਾਰਾਂ ਨੇ ਕਿਹਾ ਕਸੂਰ ਜ਼ਰੂਰ ਮਾਰੋ। ਕੀ ਪਤਾ ਸਤਗੁਰਾਂ ਨੇ ਬ੍ਰਾਹਮਣ ਦਾ ਬਹਾਨਾ ਹੀ ਬਣਾਇਆ ਹੈ। ਦਰਬਾਰ ਸਾਹਿਬ ਤੋਂ ਵਾਕ ਲੈਕੇ, ਅਰਦਾਸਾ ਸੋਧ ਕੇ, ਹਮਲਾ ਕਰਨਾ ਚਾਹੀਦਾ ਹੈ।

ਜਦ ਵਾਕ ਲਿਆ ਤਦ ਏਹ ਹੁਕਮ ਆਇਆ
ਪੰਜੇ ਬਧੇ ਮਹਾਬਲੀ ਕਰਿ ਸਚਾ ਢੋਆ।

ਵਾਕ ਸੁਣਨ ਸਾਰ ਖਾਲਸੇ ਨੇ ਕਸੂਰ ਉਪੱਰ ਚੜ੍ਹਾਈ ਕਰ ਦਿੱਤੀ। ਦੋਸ਼ੀਆਂ ਨੂੰ ਸਜ਼ਾ ਦੇ ਕੇ ਬ੍ਰਾਹਮਣ ਨੂੰ ਬ੍ਰਾਹਮਣੀ ਵਾਪਿਸ ਦਿਵਾਈ। ਕਸੂਰ ਨੂੰ ਸਿਖਾਂ ਨੇ ਗੁਰਵਾਕ ਦੇ ਸਹਾਰੇ ਫਤਹਿ ਕੀਤਾ। ਅੱਗੇ ਬਸੰਤ ਕੀ ਵਾਰ ਦਾ ਪਾਠ ਅਰਥਾਂ ਸਹਿਤ ਦਿੱਤਾ ਜਾ ਰਿਹਾ ਹੈ।

ੴ ਸਤਿਗੁਰ ਪ੍ਰਸਾਦਿ॥

ਬਸੰਤ ਕੀ ਵਾਰ ਮਹਲਾ ੫

ਹਰਿ ਕਾ ਨਾਮੁ ਧਿਆਇ ਕੈ ਹੋਹੁ ਹਰਿਆ ਭਾਈ॥ ਕਰਮਿ ਲਿਖੰਤੈ ਪਾਈਐ ਇਹ ਰੁਤਿ ਸੁਹਾਈ॥ ਵਣੁ ਤ੍ਰਿਣੁ ਤ੍ਰਿਭਵਣੁ ਮਉਲਿਆ ਅੰਮ੍ਰਿਤ ਫਲੁ ਪਾਈ॥ ਮਿਲਿ ਸਾਧੂ ਸੁਖੁ ਉਪਜੈ ਲਥੀ ਸਭ ਛਾਈ॥ ਨਾਨਕ ਸਿਮਰੈ ਏਕੁ ਨਾਮੁ ਫਿਰਿ ਬਹੁੜਿ ਨ ਧਾਈ॥

ਅਰਥ-

ਹੇ ਭਾਈ! ਪਰਮਾਤਮਾ ਦਾ ਨਾਮ ਸਿਮਰ ਕੇ ਆਤਮਕ ਜੀਵਨ ਵਾਲਾ ਬਣ ਜਾ (ਜਿਵੇਂ ਪਾਣੀ ਮਿਲਣ ਨਾਲ ਰੁੱਖ ਨੂੰ ਹਰਿਆਵਲ ਮਿਲ ਮਿਲ ਜਾਂਦੀ ਹੈ)। (ਨਾਮ ਜਪਣ ਵਾਸਤੇ ਮਨੁੱਖਾ ਜਨਮ ਦਾ) ਇਹ ਸੋਹਣਾ ਸਮਾ (ਪੁਰਬਲੇ ਕੀਤੇ ਕਰਮਾਂ ਅਨੁਸਾਰ ਪ੍ਰਭੂ ਵਲੋਂ) ਲਿਖੇ ਬਖ਼ਸ਼ਸ਼ ਦੇ ਲੇਖ ਦੇ ਉੱਘੜਨ ਨਾਲ ਹੀ ਮਿਲਦਾ ਹੈ। (ਜਿਵੇਂ ਵਰਖਾ ਨਾਲ) ਜੰਗਲ ਬਨਸਪਤੀ ਸਾਰਾ ਜਗਤ ਖਿੜ ਪੈਂਦਾ ਹੈ, (ਤਿਵੇ ਉਸ ਮਨੁੱਖ ਦਾ ਲੂੰ ਲੂੰ ਖਿੜ ਪੈਂਦਾ ਹੈ) ਜੋ ਅੰਮ੍ਰਿਤ ਨਾਮ -ਰੂਪ ਫਲ ਹਾਸਲ ਕਰ ਲੈਂਦਾ ਹੈ। ਗੁਰੂ ਨੂੰ ਮਿਲ ਕੇ (ਉਸ ਦੇ ਹਿਰਦੇ ਵਿਚ) ਸੁਖ ਪੈਦਾ ਹੁੰਦਾ ਹੈ, ਉਸ ਦੇ ਮਨ ਦੀ ਮੈਲ ਲਹਿ ਜਾਂਦੀ ਹੈ। ਨਾਨਕ (ਭੀ) ਪ੍ਰਭੂ ਦਾ ਹੀ ਨਾਮ ਸਿਮਰਦਾ ਹੈ (ਤੇ ਜੋ ਮਨੁੱਖ ਸਿਮਰਦਾ ਹੈ ਉਸ ਨੂੰ) ਮੁੜ ਮੁੜ ਜਨਮ ਮਰਨ ਦੇ ਗੇੜ ਵਿਚ ਭਟਕਣਾ ਨਹੀਂ ਪੈਂਦਾ ॥1।

ਪੰਜੇ ਬਧੇ ਮਹਾਬਲੀ ਕਰਿ ਸਚਾ ਢੋਆ॥ ਆਪਣੇ ਚਰਣ ਜਪਾਇਅਨੁ ਵਿਚਿ ਦਯੁ ਖੜੋਆ॥ ਰੋਗ ਸੋਗ ਸਭਿ ਮਿਟਿ ਗਏ ਨਿਤ ਨਵਾ ਨਿਰੋਆ॥ ਦਿਨੁ ਰੈਣਿ ਨਾਮੁ ਧਿਆਇਦਾ ਫਿਰਿ ਪਾਇ ਨ ਮੋਆ॥ ਜਿਸ ਤੇ ਉਪਜਿਆ ਨਾਨਕਾ ਸੋਈ ਫਿਰਿ ਹੋਆ॥

ਅਰਥ:

ਜਿਸ ਮਨੁੱਖ ਨੇ (ਪ੍ਰਭੂ ਦਾ ਸਿਮਰਨ-ਰੂਪ) ਸੱਚੀ ਭੇਟਾ (ਪ੍ਰਭੂ ਦੀ ਹਜ਼ੂਰੀ ਵਿਚ) ਪੇਸ਼ ਕੀਤੀ ਹੈ, ਪ੍ਰਭੂ ਨੇ ਉਸ ਦੇ ਕਾਮਾਦਿਕ ਪੰਜੇ ਹੀ ਵਡੇ ਬਲੀ ਵਿਕਾਰ ਬੰਨ੍ਹ ਦਿੱਤੇ ਹਨ, (ਜਿਸ ਕਰਕੇ) ਉਸ ਦੇ ਸਾਰੇ ਹੀ ਰੋਗ ਤੇ ਸਹਸੇ ਮਿਟ ਜਾਂਦੇ ਹਨ, ਉਹ ਸਦਾ ਪਵਿਤ੍ਰ-ਆਤਮਾ ਤੇ ਅਰੋਗ ਰਹਿੰਦਾ ਹੈ। ਉਹ ਮਨੁੱਖ ਦਿਨ ਰਾਤ ਪਰਮਾਤਮਾ ਦਾ ਨਾਮ ਸਿਮਰਦਾ ਹੈ, ਉਸ ਨੂੰ ਜਨਮ ਮਰਨ ਦਾ ਗੇੜ ਨਹੀਂ ਲਾਣਾ ਪੈਂਦਾ।

ਹੇ ਨਾਨਕ! ਜਿਸ ਪਰਮਾਤਮਾ ਤੋਂ ਉਹ ਪੈਦਾ ਹੋਇਆ ਸੀ (ਸਿਮਰਨ ਦੀ ਬਰਕਤਿ ਨਾਲ) ਉਸੇ ਦਾ ਰੂਪ ਹੋ ਜਾਂਦਾ ਹੈ।2।

ਕਿਥਹੁ ਉਪਜੈ ਕਹ ਰਹੈ ਕਹ ਮਾਹਿ ਸਮਾਵੈ॥ ਜੀਅ ਜੰਤ ਸਭਿ ਖਸਮ ਕੇ ਕਉਣੁ ਕੀਮਤਿ ਪਾਵੈ॥ ਕਹਨਿ ਧਿਆਇਨਿ ਸੁਣਨਿ ਨਿਤ ਸੇ ਭਗਤ ਸੁਹਾਵੈ॥ ਅਗਮੁ ਅਗੋਚਰੁ ਸਾਹਿਬੋ ਦੂਸਰੁ ਲਵੈ ਨ ਲਾਵੈ। ਸਚੁ ਪੂਰੈ ਗੁਰਿ ਉਪਦੇਸਿਆ ਨਾਨਕੁ ਸੁਣਾਵੈ॥3॥1॥

ਅਰਥ:

ਸਾਰੇ ਜੀਵ ਖਸਮ-ਪ੍ਰਭੂ ਦੇ ਪੈਦਾ ਕੀਤੇ ਹੋਏ ਹਨ, ਕੋਈ ਭੀ (ਆਪਣੇ ਪੈਦਾ ਕਰਨ ਵਾਲੇ ਦੇ ਗੁਣਾਂ ਦਾ) ਮੁੱਲ ਨਹੀਂ ਪਾ ਸਕਦਾ, (ਕੋਈ ਨਹੀਂ ਦੱਸ ਸਕਦਾ ਕਿ) ਪ੍ਰਭੂ ਕਿਥੋਂ ਪੈਦਾ ਹੁੰਦਾ ਹੈ, ਕਿਥੇ ਰਹਿੰਦਾ ਹੈ ਤੇ ਕਿਥੇ ਲੀਨ ਹੋ ਜਾਂਦਾ ਹੈ।

ਜੋ ਜੋ ਉਸ ਪ੍ਰਭੂ ਦੇ ਗੁਣ ਉਚਾਰਦੇ ਹਨ, ਚੇਤੇ ਕਰਦੇ ਹਨ, ਸੁਣਦੇ ਹਨ ਉਹ ਭਗਤ ਸੋਹਣੇ (ਜੀਵਨ ਵਾਲੇ) ਹੋ ਜਾਂਦੇ ਹਨ।

ਪਰਮਾਤਮਾ ਅਪਹੁੰਚ ਹੈ। ਇੰਦ੍ਰਿਆਂ ਦੀ ਪਹੁੰਚ ਤੋਂ ਪਰੇ ਹੈ ਸਭ ਦਾ ਮਾਲਕ ਹੈ, ਕੋਈ ਉਸ ਦੀ ਬਰਾਬਰੀ ਨਹੀਂ ਕਰ ਸਕਦਾ। ਨਾਨਕ ਉਸ ਸਦਾ-ਥਿਰ ਪ੍ਰਭੂ ਦੀ ਸਿਫਤਿ ਸਾਲਾਹ ਸੁਣਾਂਦਾ ਹੈ, ਪੂਰੇ ਗੁਰੂ ਨੇ ਉਹ ਪ੍ਰਭੂ ਨੇੜੇ ਵਿਖਾ ਦਿੱਤਾ ਹੈ (ਅੰਦਰ ਵੱਸਦਾ ਵਿਖਾ ਦਿੱਤਾ ਹੈ)।3।1।

**THE SIKH COURIER (INTERNATIONAL)**
A Journal of the Sikh Cultural Society of Great Britain
88 Mollison Way, Edgware, Middlesex (Greater London) U.K.

# ਰਾਗ ਮਾਲਾ ਵਰਗੀਕਰਨ

ਗਿ. ਆਵਤ ਸਿੰਘ

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਤ ਵਿਚ ਦਿੱਤੀ ਰਾਗ ਮਾਲਾ ਬਾਰੇ ਪੰਥ ਵਿਚ ਕਾਫੀ ਵਾਦ ਵਿਵਾਦ ਰਿਹਾ ਹੈ। ਚਾਹੀਦਾ ਤਾਂ ਇਹ ਹੈ ਕਿ ਅਸੀਂ ਕੀਰਤਨੀ ਜੱਥਿਆਂ ਨੂੰ ਰਾਗਾਂ ਵਿੱਚ ਕੀਰਤਨ ਕਰਨ ਦੀ ਪ੍ਰੇਰਨਾ ਦੇਈਏ, ਵਾਦਾਂ ਵਿਵਾਦਾਂ ਵਿੱਚ ਸਮਾਂ ਨਾ ਗੁਆਈਏ। 'ਰਾਗ ਮਾਲਾ' ਕੇਵਲ ਰਾਗਾਂ ਦੇ ਨਾਮ ਯਾਦ ਕਰਨ ਲਈ ਇੱਕ ਕਾਵਿ ਰੂਪ ਰਚਿਆ ਗਿਆ ਸੀ ਜੋ ਕਿ ਮੱਧਕਾਲ ਵਿੱਚ ਕਾਫੀ ਪ੍ਰਚਲਤ ਰਿਹਾ। ਵਿਚਾਰ ਅਧੀਨ ਰਾਗ ਮਾਲਾ ਅਤੇ ਉਸ ਦੇ ਰਾਗਾਂ ਦਾ ਵਰਗੀਕਰਨ ਅੱਗੇ ਦਿੱਤਾ ਜਾ ਰਿਹਾਂ ਹੈ:

ਰਾਗ ਏਕ ਸੰਗਿ ਪੰਚ ਬਰੰਗਨ ਸੰਗ ਅਲਾਪਹਿ ਆਠਉ ਨੰਦਨ
1. ਪ੍ਰਥਮ ਰਾਗ ਭੈਰਉ ਵੈ ਕਰਹੀ। ਪੰਚ ਰਾਗਨੀ ਸੰਗਿ ਉਚਰਹੀ।
ੳ) ਪ੍ਰਥਮ ਭੈਰਵੀ ਬਿਲਾਵਲੀ। ਪੁੰਨਿਆਕੀ ਗਾਵਹਿ ਬੰਗਲੀ। ਪੁਨਿ ਅਸਲੇਖੀ ਕੀ ਭਈ ਬਾਰੀ। ਏ ਭੈਰਉ ਕੀ ਪਾਂਚਉ ਨਾਰੀ।
ਅ) ਪੰਚਮ ਹਰਖ ਦਿਸਾਖ ਸੁਨਾਵਹਿ। ਬੰਗਾਲਮ ਮਧੁ ਮਾਧਵ ਗਾਵਹਿ। ਲਲਤ ਬਿਲਾਵਲ ਗਾਵਹੀ ਅਪੁਨੀ ਅਪੁਨੀ ਭਾਂਤੀ। ਅਸਟ ਪੁਤ੍ਰ ਭੈਰਵ ਕੇ ਗਾਵਹਿ ਗਾਇਨ ਪਾਤ੍ਰ।

2. ਦੁਤਿਆ ਮਾਲਕਉਸਕ ਆਲਾਪਹਿ। ਸੰਗਿ ਰਾਗਨੀ ਪਾਂਚਉ ਥਾਪਹਿ।

ੳ) ਗੌਂਡਕਰੀ ਅਰੁ ਦੇਵਗੰਧਾਰੀ। ਗੰਧਾਰੀ ਸੀ ਹੁਤੀ ਉਚਾਰੀ। ਧਨਾਸਰੀ ਏ ਪਾਚਉ ਗਾਈ।
ਮਾਲ ਰਾਗ ਕਉਸਕ ਸੰਗਿ ਲਾਈ।
ਅ) ਮਾਰੂ ਮਸਤੰਗ ਮੇਵਾਰਾ। ਪ੍ਰਬਲ ਚੰਡਕਉਸਕ ਉਭਾਰਾ। ਖਉ ਖਟ ਅਉ ਭਉਰਾਨਦ ਗਾਏ।
ਅਸਟ ਮਾਲਕਉਸਕ ਸੰਗਿ ਲਾਏ।

3. ਪੁਨਿ ਆਇਉ ਹਿੰਡੋਲੁ ਪੰਚ ਨਾਰ ਸੰਗਿ ਅਸਟ ਸੁਤ। ਉਠਹਿ ਤਾਨ ਕਲੋਲ ਗਾਇਨ ਤਾਰ ਮਿਲਾਵਹੀ।

ੳ) ਤੇਲੰਗੀ ਦੇਵਕਰੀ ਆਈ। ਬਸੰਤੀ ਸੰਦੂਰ ਸੁਹਾਈ। ਸਰਸ ਅਹੀਰੀ ਲੈ ਭਾਰਜਾ।
ਸੰਗਿ ਲਾਈ ਪਾਂਚਉ ਆਰਜਾ।
ਅ) ਸੁਰਮਾਨੰਦ ਭਾਸਕਰ ਆਏ। ਚੰਦ੍ਰ ਬਿੰਬ ਮੰਗਲਨ ਸੁਹਾਏ। ਸਰਸਬਾਨ ਅਉ ਆਹਿ ਬਿਨੋਦਾ।
ਗਾਵਹਿ ਸਰਸ ਬਸੰਤ ਕਮੋਦਾ। ਅਸਟ ਪੁਤ੍ਰ ਮੈ ਕਰੇ ਸਵਾਰੀ।

4. ਪੁਨਿਆਈ ਦੀਪਕ ਕੀ ਬਾਰੀ।

ੳ) ਕਚੇਲੀ ਪਟਮੰਜਰੀ ਟੋਡੀ ਕਹੀ ਅਲਾਪਿ। ਕਾਮੋਦੀ ਅਉ ਗੂਜਰੀ ਸੰਗਿ ਦੀਪਕ ਕੇ ਥਾਪਿ।
ਅ) ਕਾਲੰਕਾ ਕੁੰਤਲ ਅਉ ਰਾਮਾ। ਕਮਲ ਕੁਸਮ ਚੰਪਕ ਕੇ ਨਾਮਾ। ਗਉਰਾ ਅਉ ਕਾਨਰਾ ਕਲ੍ਹਾਨਾ।
ਅਸਟ ਪੁਤ੍ਰ ਦੀਪਕ ਕੇ ਜਾਨਾ।

5. ਸਭ ਮਿਲਿ ਸਿਰੀ ਰਾਗ ਵੈ ਗਾਵਹਿ। ਪਾਂਚਉ ਸੰਗਿ ਬਰੰਗਨ ਲਾਵਹਿ।

ੳ) ਬੈਰਾਰੀ ਕਰਨਾਟੀ ਧਰੀ। ਗਵਰੀ ਗਾਵਹ ਆਸਾ ਵਰੀ। ਤਿਹ ਪਾਛੈ ਸਿੰਧਵੀ ਅਲਾਪੀ। ਸਿਰੀ ਰਾਗ ਸਿਉ ਪਾਂਚਉ ਥਾਪੀ।
ਅ) ਸਾਲੂ ਸਾਰਗ ਸਾਗਰਾ ਅਉਰ ਗੋਂਡ ਗੰਭੀਰ। ਅਸਟ ਪੁਤ੍ਰ ਸ੍ਰੀ ਰਾਗ ਕੇ ਗੁੰਡ ਕੁੰਭ ਹਮੀਰ।
6. ਖਸਟਮ ਮੇਘ ਰਾਗ ਵੈ ਗਾਵਹਿ। ਪਾਂਚਉ ਸੰਗਿ ਬਰੰਗਨ ਲਾਵਹਿ।
ੳ) ਸੋਰਠਿ ਗੋਂਡ ਮਲਾਰੀ ਧੁਨੀ। ਪੁਨਿ ਗਾਵਹਿ ਆਸਾ ਗੁਨ ਗੁਨੀ। ਊਚੇ ਸੁਰਿ ਸੂਹਉ ਪੁਨਿ ਕੀਨੀ।
ਮੇਘ ਰਾਗ ਸਿਉ ਪਾਂਚਉ ਚੀਨੀ।
ਅ) ਬੈਰਾਧਰ ਗਜਧਰ ਕੇਦਾਰਾ। ਜਬਲੀਧਰ ਨਟ ਅਉ ਜਲਧਾਰਾ। ਪੁਨਿ ਗਾਵਹਿ ਸੰਕਰ ਅਉ ਸਿਆਮਾ।
ਮੇਘ ਰਾਗ ਪੁਤ੍ਰਨ ਕੇ ਨਾਮਾ।
ਖਸਟ ਰਾਗ ਉਨਿ ਗਾਏ ਸੰਗਿ ਰਾਗਨੀ ਤੀਸ।
ਸਭੈ ਪੁਤ੍ਰ ਰਾਗਨ ਦੇ ਅਠਾਰਹ ਦਸ ਬੀਸ।

## ਰਾਗ ਮਾਲਾ ਵਰਗੀਕਰਣ

ਖਸਟ ਰਾਗ ਉਨਿ ਗਾਏ, ਸੰਗਿ ਰਾਗਨੀ ਤੀਸ।।
ਸਭੈ ਪੁਤ੍ਰ ਰਾਗਨ ਕੇ ਅਠਾਰਹ ਦਸ ਬੀਸ।।
ਖਸਟ ਰਾਗ =6 ਰਾਗ, ਸੰਗਿ ਰਾਗਨੀ ਤੀਸ = 30 ਰਾਗਨੀਆਂ
ਅਠਾਰਹ, ਦਸ, ਬੀਸ = 18+10+20=48 ਰਾਗ ਪੁਤ੍ਰ

| ਰਾਗ-6 | ਪਤਨੀਆਂ-30 | ਪੁੱਤਰ - 48 |
|---|---|---|
| 1. ਭੈਰਉ | 1. ਭੈਰਵੀ 2. ਬਿਲਾਵਲੀ 3. ਪੁਨਿਆ ਕੀ 4. ਬੰਗਾਲੀ 5. ਅਸਲੇਖੀ | 1. ਪੰਚਮ 2. ਹਰਖ 3. ਦਿਸਾਖ 4. ਬੰਗਾਲਮ 5. ਮਧੁ 6. ਮਾਧਵ 7. ਲਲਤ 8. ਬਿਲਾਵਲ |
| 2. ਮਾਲਕਉਸਕ | 1. ਗੋਂਡਕਰੀ 2. ਦੇਵਗੰਧਾਰੀ 3. ਗੰਧਾਰੀ 4. ਸੀਹੁਤੀ 5. ਧਨਾਸਰੀ | 1. ਮਾਰੂ 2. ਮਸਤਾਂਗ 3. ਮੇਵਾਰ 4. ਪ੍ਰਬਲ 5. ਚੰਡਕਉਸਕ 6. ਖਉ 7. ਖਟ 8. ਬਿਲਾਵਲ |
| 3. ਹਿੰਡੋਲ | 1. ਤੇਲੰਗੀ 2. ਦੇਵਕਰੀ 3. ਬਸੰਤੀ 4. ਸੰਦੂਰੀ 5. ਅਹੀਰੀ | 1. ਸੁਰਮਾਨੰਦ 2. ਭਾਸਕਰ 3. ਚੰਦਰਬਿੰਬ 4. ਮੰਗਲਨ 5. ਸਰਸਬਾਨ 6. ਬਨੋਦ 7. ਬਸੰਤ 8 ਕਮੋਦ |
| 4. ਦੀਪਕ | 1. ਕਛੇਲੀ 2. ਪਟਮੰਜਰੀ 3. ਟੋਡੀ 4. ਕਾਮੋਦੀ 5. ਗੂਜਰੀ | 1. ਕਾਲੰਕਾ 2. ਕੁੰਤਲ 3. ਰਾਮਾ 4. ਕਮਲਕੁਸਮ 5. ਚੰਪਕ 6. ਗਉਰਾ 7. ਕਾਨੜਾ 8. ਕਲਿਆਨ |
| 5. ਸਿਰੀ ਰਾਗ | 1. ਬੈਰਾੜੀ 2. ਕਰਨਾਟੀ 3. ਗਵਰੀ 4. ਅਸਾਵਰੀ 5. ਸਿੰਧਵੀ | 1. ਸਾਲੂ 2. ਸਾਰੰਗ 3. ਸਾਗਰਾ 4. ਗੋਂਡ 5. ਗੰਭੀਰ 6. ਗੁੰਡ 7. ਕੁੰਭ 8. ਹਮੀਰ |
| 6. ਮੇਘ | 1. ਸੋਰਠਿ 2. ਗੋਂਡ 3. ਮਲਾਰੀ 4. ਆਸਾ 5. ਸੂਹਉ | 1. ਬੈਰਾਧਰ 2. ਗਜਧਰ 3. ਕੇਦਾਰਾ 4. ਜਬਲੀਧਰ 5. ਨਟ 6. ਜਲਧਾਰਾ 7. ਸੰਕਰ 8. ਸਿਆਮਾ |

6-ਰਾਗ + 30-ਪਤਨੀਆਂ + 48 ਪੁਤਰ = ਕੁਲ 84 ਗੁਰੂ ਗ੍ਰੰਥ ਸਾਹਿਬ ਵਿਚ ਆਏ ਰਾਗਾਂ ਵਿਚੋ 23 ਰਾਗ ਰਾਗ ਮਾਲਾ ਵਿਚ ਹਨ।


**Form IV**
**Statement of ownership**
**(See Rule 8)**

| | | |
|---|---|---|
| Place of Publication | : | Chandigarh |
| Periodicity of Publication | : | Monthly |
| Editor, Printer & Publisher's Name | : | Dr. Jagtar Singh |
| Nationality | : | Indian |
| Owner of Newspaper | : | President, Amrit Kirtan Trust |

I, Dr. Jagir Singh, herevy declare that the particulars given above are true to the best of my knowledge and belief.

Date : March 1, 1998

sd/-
Dr. Jagir Singh
Publisher

## ਨੋਟੇਸ਼ਨ ਵਾਲੇ ਸ਼ਬਦਾਂ ਦੇ ਅਰਥ

ਰਾਗੁ ਗੌੜੀ ਮਾਲਵਾ ਮਹਲਾ ੫ (ਪੰਨਾਂ ੨੧੪)

੧ੴ ਸਤਿਗੁਰ ਪ੍ਰਸਾਦਿ॥ ਹਰਿਨਾਮੁ ਲੇਹੁ ਮੀਤਾ ਲੇਹੁ॥ ਆਗੈ ਬਿਖਮ ਪੰਥੁ ਭੈਆਨ॥੧॥ ਰਹਾਉ॥ ਸੇਵਤ ਸੇਵਤ ਸਦਾ ਸੇਵਿ ਤੇਰੈ ਸੰਗਿ ਬਸਤੁ ਹੈ ਕਾਲੁ॥ ਕਰਿ ਸੇਵਾ ਤੂੰ ਸਾਧ ਕੀ ਹੋ ਕਾਟੀਐ ਜਮ ਜਾਲੁ॥੧॥ ਹੋਮ ਜਗ ਤੀਰਥ ਕੀਏ ਬਿਚਿ ਹਉਮੈ ਬਧੇ ਬਿਕਾਰ॥ ਨਰਕੁ ਸੁਰਗੁ ਦੁਇ ਭੁੰਚਨਾ ਹੋਇ ਬਹੁਰਿ ਬਹੁਰਿ ਅਵਤਾਰ॥੨॥ ਸਿਵ ਪੁਰੀ ਬ੍ਰਹਮ ਇੰਦ੍ਰ ਪੁਰੀ ਨਿਹਚਲੁ ਕੋ ਥਾਉ ਨਾਹਿ॥ ਬਿਨੁ ਹਰਿ ਸੇਵਾ ਸੁਖੁ ਨਹੀ ਹੋ ਸਾਕਤ ਆਵਹਿ ਜਾਹਿ॥੩॥ ਜੈਸੋ ਗੁਰਿ ਉਪਦੇਸਿਆ ਮੈ ਤੈਸੋ ਕਹਿਆ ਪੁਕਾਰਿ॥ ਨਾਨਕੁ ਕਹੈ ਸੁਨਿ ਰੇ ਮਨਾ ਕਰਿ ਕੀਰਤਨੁ ਹੋਇ ਉਧਾਰੁ॥੪॥੧॥੧੫੮॥

ਅਰਥ: ਹੇ ਮਿੱਤਰ! ਪਰਮਾਤਮਾ ਦਾ ਨਾਮ ਸਿਮਰ ਨਾਮ ਸਿਮਰ। ਜਿਸ ਜੀਵਨ ਪੰਥ ਉੱਤੇ ਤੂੰ ਤੁਰ ਰਿਹਾ ਹੈਂ ਉਹ ਰਸਤਾ (ਵਿਕਾਰਾਂ ਦੇ ਹੱਲਿਆਂ ਦੇ ਕਾਰਨ) ਔਖਾ ਹੈ ਤੇ ਡਰਾਵਣਾ ਹੈ।੧। ਰਹਾਉ।

(ਹੇ ਮਿੱਤਰ!) ਪਰਮਾਤਮਾ ਦਾ ਨਾਮ ਸਿਮਰਦਿਆਂ ਸਿਮਰਦਿਆਂ ਸਦਾ ਸਿਮਰਦਾ ਰਹੁ, ਮੌਤ ਹਰ ਵੇਲੇ ਤੇਰੇ ਨਾਲ ਵੱਸਦੀ ਹੈ। ਹੇ ਭਾਈ! ਗੁਰੂ ਦੀ ਸੇਵਾ ਕਰ (ਗੁਰੂ ਦੀ ਸਰਨ ਪਉ। ਗੁਰੂ ਦੀ ਸਰਨ ਪਿਆਂ) ਉਹ (ਮੋਹ) ਜਾਲ ਕੱਟਿਆ ਜਾਂਦਾ ਹੈ ਜੋ ਆਤਮਕ ਮੌਤ ਵਿਚ ਫਸਾ ਦੇਂਦਾ ਹੈ।੧।

(ਹੇ ਮਿੱਤਰ! ਪਰਮਾਤਮਾ ਦੇ ਨਾਮ ਦਾ ਸਿਮਰਨ ਛੱਡ ਕੇ ਜਿਨ੍ਹਾਂ ਮਨੁੱਖਾਂ ਨੇ ਨਿਰੇ) ਹਵਨ ਕੀਤੇ ਜੱਗ ਕੀਤੇ ਤੀਰਥ-ਇਸਨਾਨ ਕੀਤੇ , ਉਹ (ਇਨ੍ਹਾਂ ਕੀਤੇ ਕਰਮਾਂ ਦੀ) ਹਉਮੈ ਵਿਚ ਫਸਦੇ ਗਏ ਉਹਨਾਂ ਦੇ ਅੰਦਰ ਵਿਕਾਰ ਵਧਦੇ ਗਏ। ਇਸ ਤਰ੍ਹਾਂ ਨਰਕ ਤੇ ਸੁਰਗ ਦੋਵੇਂ ਭੋਗਣੇ ਪੈਂਦੇ ਹਨ, ਤੇ ਮੁੜ ਮੁੜ ਜਨਮਾਂ ਦਾ ਚੱਕਰ ਚੱਲਦਾ ਰਹਿੰਦਾ ਹੈ।੨।

(ਹੇ ਮਿੱਤਰ!) ਹਵਨ ਜੱਗ ਤੀਰਥ ਆਦਿਕ ਕਰਮ ਕਰ ਕੇ ਲੋਕ ਸ਼ਿਵ-ਪੁਰੀ, ਬ੍ਰਹਮ-ਪੁਰੀ, ਇੰਦ੍ਰ-ਪੁਰੀ ਇਹਨਾਂ ਵਿਚੋਂ ਕੋਈ ਭੀ ਥਾਂ ਸਦਾ ਟਿਕੋ ਰਹਿਣ ਵਾਲਾ ਨਹੀਂ ਹੈ। ਪਰਮਾਤਮਾਂ ਦੇ ਸਿਮਰਨ ਤੋਂ ਬਿਨਾਂ ਕਿਤੇ ਆਤਮਕ ਆਨੰਦ ਭੀ ਨਹੀਂ ਮਿਲਦਾ। ਹੇ ਭਾਈ! ਪਰਮਾਤਮਾ ਨਾਲੋਂ ਵਿੱਛੁੜੇ ਮਨੁੱਖ ਜਨਮ ਮਰਨ ਦੇ ਗੇੜ ਵਿਚ ਪਏ ਰਹਿੰਦੇ ਹਨ (ਜੰਮਦੇ ਹਨ ਮਰਦੇ ਹਨ, ਜੰਮਦੇ ਹਨ ਮਰਦੇ ਹਨ) ।੩।

(ਹੇ ਭਾਈ!) ਜਿਸ ਤਰ੍ਹਾਂ ਗੁਰੂ ਨੇ (ਮੈਨੂੰ) ਉਪਦੇਸ਼ ਦਿੱਤਾ ਹੈ, ਮੈਂ ਉਸੇ ਤਰ੍ਹਾਂ ਉੱਚੀ ਬੋਲ ਕੇ ਦੱਸ ਦਿੱਤਾ ਹੈ। ਨਾਨਕ ਆਖਦਾ ਹੈ-ਹੇ (ਮੇਰੇ) ਮਨ! ਸੁਣ ਪਰਮਾਤਮਾ ਦਾ ਕੀਰਤਨ ਕਰਦਾ ਰਹੁ (ਕੀਰਤਨ ਦੀ ਬਰਕਤਿ ਨਾਲ ਵਿਕਾਰਾਂ ਤੋਂ ਜਨਮ ਮਰਨ ਦੇ ਗੇੜ ਤੋਂ) ਬਚਾਉ ਹੋ ਜਾਂਦਾ ਹੈ।੪।੧।੧੫੪।

ਸਾਰੰਗ ਮਹਲਾ ੯॥ (ਪੰਨਾ ੧੨੩੧)

ਕਹਾ ਨਰ ਅਪਨੋ ਜਨਮੁ ਗਵਾਵੈ॥ ਮਾਇਆ ਮਦਿ ਬਿਖਿਆ ਰਸਿ ਰਚਿਓ ਰਾਮ ਸਰਨਿ ਨਹੀ ਆਵੈ॥੧॥ ਰਹਾਉ॥ ਇਹੁ ਸੰਸਾਰੁ ਸਗਲ ਹੈ ਸੁਪਨੋ ਦੇਖਿ ਕਹਾ ਲੋਭਾਵੈ॥ ਜੋ ਉਪਜੈ ਸੋ ਸਗਲ ਬਿਨਾਸੈ ਰਹਨੁ ਨ ਕੋਊ ਪਾਵੈ॥੧॥ ਮਿਥਿਆ ਤਨੁ ਸਾਚੋ ਕਰਿ ਮਾਨਿਓ ਇਹ ਬਿਧਿ ਆਪੁ ਬੰਧਾਵੈ॥ ਜਨ ਨਾਨਕ ਸੋਊ ਜਗ ਮੁਕਤਾ ਰਾਮ ਭਜਨ ਚਿਤੁ ਲਾਵੈ॥੨॥੩॥

ਅਰਥ: ਹੇ ਬੰਦੇ ਨਾਨਕ! ਤੂੰ ਆਪਣਾ ਜੀਵਨ ਕਿਉਂ ਗੁਆਉਂਦਾ ਹੈਂ? ਤੂੰ ਧਨ-ਦੌਲਤ ਦੇ ਹੰਕਾਰ ਅਤੇ ਪਾਪਾਂ ਦੇ ਸੁਆਦ ਅੰਦਰ ਖਚਤ ਹੋਇਆ ਹੋਇਆ ਹੈਂ ਅਤੇ ਆਪਣੇ ਪ੍ਰਭੂ ਦੀ ਪਨਾਹ ਨਹੀਂ ਲੈਂਦਾ। ਠਹਿਰਾਉ। ਇਹ ਦੁਨੀਆ ਸਮੂਹ ਸੁਫਨਾ ਹੀ ਹੈ, ਇਸ ਲਈ ਇਸ ਨੂੰ ਵੇਖ ਤੂੰ ਕਿਉਂ ਲੁਭਾਇਮਾਨ ਹੋ ਗਿਆ ਹੈਂ? ਹਰ ਸ਼ੈ ਜੋ ਰਚੀ ਗਈ ਹੈ, ਉਹ ਸਮੂਹ ਨਾਸ਼ ਹੋ ਜਾਊਗੀ। ਕੁਝ ਭੀ ਏਥੇ ਠਹਿਰਨਾ ਨਹੀਂ ਮਿਲਦਾ। ਇਸ ਕੂੜੀ ਦੇਹਿ ਨੂੰ ਤੂੰ ਸੱਚੀ ਕਰਕੇ ਜਾਣਦਾ ਹੈਂ, ਹੇ ਬੰਦੇ! ਇਸ ਤਰੀਕੇ ਨਾਲ, ਤੂੰ ਆਪਣੇ ਆਪ ਨੂੰ ਨਰਕ ਲਿਆ ਹੈ। ਹੇ ਨਫ਼ਰ ਨਾਨਕ! ਇਸ ਜਗਤ ਅੰਦਰ ਕੇਵਲ ਜਗ ਮੁਕਤਾ ਰਾਮ ਭਜਨ ਚਿਤੁ ਲਾਵੈ।੨।੩।


**ਗੁਰਮਤਿ ਸੰਗੀਤ ਵਿਸ਼ੇਸ਼ ਅੰਕ**

ਗੁਰਮਤਿ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਜਿਸ ਵਿੱਚ ਗੁਰਮਤਿ ਸੰਗੀਤ ਦੀ ਉਤਪਤੀ ਤੇ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਰਾਗਾਂ ਦੀ ਵਿਲੱਖਣਤਾ, ਗੁਰਮਤਿ ਸੰਗੀਤ ਵਿੱਚ ਰਾਗ ਦਾ ਮਹੱਤਵ, ਗੁਰਮਤਿ ਸੰਗੀਤ ਤੇ ਵਿਵਹਾਰ, ਗੁਰਮਤਿ ਸੰਗੀਤ ਦੇ ਪ੍ਰਥਮ ਕੀਰਤਨੀਏ- ਭਾਈ ਮਰਦਾਨਾ ਜੀ, ਗੁਰਮਤਿ ਸੰਗੀਤ ਦੀ ਵਿੱਲਖਣਤਾ, ਗੁਰਮਤਿ ਸੰਗੀਤ ਦੀ ਕੀਰਤਨ-ਚੌਕੀ-ਪਰੰਪਰਾ, ਗੁਰਮਤਿ ਸੰਗੀਤ ਵਿੱਚ ਰਾਗ ਗਉੜੀ ਤੇ ਉਸ ਦੇ ਪ੍ਰਕਾਰ, ਗੁਰਮਤਿ ਸੰਗੀਤ ਵਿੱਚ ਪ੍ਰਯੁਕਤ ਵਿਭਿੰਨ ਸਾਜ਼ ਅਤੇ ਉਹਨਾਂ ਦਾ ਮਹੱਤਵ, ਵਿਸ਼ੇਸ਼ ਲੇਖ ਹਨ।

**ਮਿਲਣ ਦਾ ਪਤਾ:- ਅੰਮ੍ਰਿਤ ਕੀਰਤਨ ਟ੍ਰਸਟ, 422, ਸੈਕਟਰ 15-ਏ, ਚੰਡੀਗੜ੍ਹ**

**ਮਾਤਾ ਗੁਜਰੀ ਬਿਰਧ ਘਰ ਅਤੇ ਅਨਾਥ ਆਸ਼ਰਮ**

(ਵਲੋਂ ਨਿਸ਼ਕਾਮ ਸਿੱਖ ਵੈਲਫੇਅਰ ਕੌਂਸਿਲ)

ਗਿੱਲ ਫਾਰਮ, ਪਿੰਡ ਖਾਨਪੁਰ, ਖਰੜ, ਰੋਪੜ – ਫੋਨ : 91845741, 91845730

ਏਥੇ 25 ਬਜ਼ੁਰਗਾਂ ਤੇ 25 ਅਨਾਥ ਜਾਂ ਗਰੀਬ ਬੱਚਿਆਂ ਦੀ ਸੇਵਾ ਸੰਭਾਲ ਦਾ ਪ੍ਰਬੰਧ ਬੜੇ ਸੁਚੱਜੇ ਤਰੀਕੇ ਨਾਲ ਕੀਤਾ ਗਿਆ ਹੈ। ਲੋੜਵੰਦ ਸਿੱਧੇ ਜਾਂ ਹੇਠ ਲਿਖੇ ਪਤੇ ਤੇ ਸੰਪਰਕ ਕਰੋ :-

ਸ. ਹਰੀ ਸਿੰਘ, 307, ਸੈਕਟਰ 35-ਏ, ਚੰਡੀਗੜ੍ਹ ਫੋਨ : 601947

**ਸੁਰ ਲਿਪੀ**

# ਰਾਗ ਗਉੜੀ ਮਾਲਵਾ

ਉਸਤਾਦ ਸੁਰਜੀਤ ਸਿੰਘ

ਥਾਟ ਪੂਰਬੀ। ਰਿਖਬ ਵਾਦੀ। ਪੰਚਮ ਸੰਵਾਦੀ ਸਮਾਂ। ਦਿਨ ਦਾ ਚੋਥਾ ਪਹਿਰ। ਜਾਤੀ ਛਾਡਵ-2

ਆਰੋਹੀ: ਸ ਰੁ ਗ ਮੇ ਪ, ਮੇ ਧੁ ਸਂ । ਅਵਰੋਹੀ : ਸੰ ਨ ਪ ਮੇ, ਗ ਰੁ ਸ। ਮੁਖ ਅੰਗ ਰੁ ਗ ਰੁ ਸ, ਨ ਪ, ਮੇ ਗ ਰੁ, ਗ ਰੁ-ਸ।

ਸੁਰ:- ਰਿਖਬ ਧੈਵਤ ਕੋਮਲ ਅਤੇ ਮੱਧਮ ਤੀਵਰ ਬਾਕੀ ਸ਼ੁਧ। ਅਰੋਹੀ ਵਿਚ ਨ, ਅਤੇ ਅਵਰੋਹੀ ਵਿਚ ਧੈਵਤ ਵਰਜਿਤ ਹੈ, ਇਸ ਰਾਗ ਦੀ ਗਣਨਾ ਸੰਧੀ ਪ੍ਰਕਾਸ਼ ਰਾਗਾਂ ਵਿਚ ਕੀਤੀ ਜਾਂਦੀ ਹੈ। ਗਉੜੀ ਮਾਲਵਾ ਦੇ ਨਾਮ ਤੋਂ ਜਾਪਦਾ ਹੈ ਕਿ, ਪਿਛਲੇ ਸਮੇਂ ਵਿਚ ਇਹ ਰਾਗ ਮਾਲਵਾ ਦੇਸ਼ ਦਾ ਲੋਕ ਪ੍ਰਿਅ ਰਾਗ ਰਿਹਾ ਹੋਣਾ ਹੈ, ਪਰੰਤੂ ਅੱਜ ਕੱਲ ਦੇ ਸਮੇਂ ਵਿਚ ਇਹ ਰਾਗ ਅਪ੍ਰਚਲਿਤ ਰਾਗਾਂ ਦੇ ਵਰਗ ਵਿਚ ਆਉਂਦਾ ਹੈ। ਰਾਗ ਕੋਸ਼ ਵਿਚੋਂ ਇਕ ਮਾਲਵੀ ਨਾਮ ਕਰਕੇ ਰਾਗ ਮਿਲਦਾ ਹੈ। ਜਿਸਦਾ ਥਾਟ, ਵਾਦੀ ਸੰਵਾਦੀ, ਜਾਤੀ, ਸੁਰ, ਅਤੇ ਸਮਾਂ ਆਦਿ ਸਭ ਕੁੱਝ ਬਿਲਕੁਲ ਗਉੜੀ ਮਾਲਵਾ ਦੇ ਨਾਲ ਮਿਲਦਾ ਹੈ, ਹੋ ਸਕਦਾ ਹੈ ਗਉੜੀ ਮਾਲਵਾ ਅਤੇ ਮਾਲਵੀ ਇਕ ਰਾਗ ਦੇ ਹੀ ਦੋ ਨਾਮ ਹੋਣ। ਉਤੱਰੀ ਸੰਗੀਤ ਪੱਧਤੀ ਵਿਚ ਐਸੇ ਬਹੁਤ ਸਾਰੇ ਰਾਗ ਹਨ, ਜਿਨ੍ਹਾਂ ਦੇ ਨਾਮ ਤਾਂ ਦੋ ਦੋ ਹਨ। ਪਰੰਤੂ ਰਾਗ ਇਕ ਹੀ ਹੁੰਦਾ ਹੈ। ਰਾਗ ਮਾਲਵੀ ਦਾ ਸੰਖੇਪ ਵਿਵਰਨ ਹੇਠ ਲਿਖੇ ਦੋਹਰੇ ਤੋਂ ਸਪਸ਼ਟ ਹੋ ਜਾਂਦਾ ਹੈ।

ਦੋਹਰਾ:- ਰਿਧ ਕੋਮਲ, ਮਧਮ ਕੜੀ, ਚੜਤੇ ਬਰਜ ਨਿਸ਼ਾਦ॥ ਰਾਗ ਮਾਲਵੀ ਗਾਈਏ, ਰਿਪ ਕੋ ਕਰ ਸੰਵਾਦ॥ (ਰਾਗ ਕੋਸ਼)

ਰਾਗ ਗਉੜੀ ਮਾਲਵਾ ਵਿਚ ਧ੍ਰਪਦ, ਧਮਾਰ, ਬੜਾ ਖਿਆਲ, ਛੋਟਾ ਖਿਆਲ, ਤਰਾਨਾ, ਚਤੁਰੰਗ ਆਦਿਕ ਸਭ ਗਾਏ ਵਜਾਏ ਜਾਂਦੇ ਹਨ। ਇਸ ਰਾਗ ਵਿਚ ਗ, ਪ ਅਤੇ ਨ, ਪ ਦੀ ਸਵਰ ਸੰਗਤੀ ਬਹੁਤ ਹੀ ਸੁੰਦਰ ਲਗਦੀ ਹੈ। ਮਾਲਵਾ ਗਉੜੀ ਦੀ ਜਾਤੀ ਅਤੇ ਵਾਦੀ ਸੰਵਾਦੀ ਬਾਰੇ ਵਿਦਵਾਨਾਂ ਦੇ ਵੱਖ-ਵੱਖ ਵਿਚਾਰ ਹਨ। ਸ੍ਰੀ ਮਾਨ ਮਹੰਤ ਗੱਜਾ ਸਿੰਘ ਜੀ ਦੇ ਅਨਿਆਈ ਇਸ ਰਾਗ ਨੂੰ ਸ਼ੁਧ ਧੈਵਤ ਨਾਲ ਮਾਰਵਾਥਾਟ ਵਿਚ ਰੱਖਦੇ ਹਨ। ਤਾਲ ਫਰੋਦਸਤ:- ਇਸ ਤਾਲ ਦੀਆਂ ਚੌਦਾਂ ਮਾਤਰਾਵਾਂ ਹੁੰਦੀਆਂ ਹਨ। ਦੋ-ਦੋ ਮਾਤਰਾਵਾਂ ਦੇ ਸੱਤ ਵਿਭਾਗ ਹੁੰਦੇ ਹਨ। ਇਸ ਵਿਚ ਪੰਜ ਤਾਲੀਆਂ ਅਤੇ ਦੋ ਖਾਲੀਆਂ ਹੁੰਦੀਆਂ ਹਨ। ਪਹਿਲੀ ਮਾਤਰਾ ਤੇ ਪੰਜਵੀ, ਨੌਂਵੀ, ਤੇਰ੍ਹਵੀਂ ਮਾਤਰਾ ਤੇ ਤਾਲੀ ਅਤੇ ਤੀਸਰੀਤੇ ਸਤਵੀਂ ਮਾਤਰਾ ਤੇ ਖਾਲੀ ਹੁੰਦੀ ਹੈ।

| x | | 0 | | 2 | | 0 | | 3 | | 4 | | 5 | |
|---|---|---|---|---|---|---|---|---|---|---|---|---|---|
| ਸਥਾਈ | | | | | | | | | | | | | |
| ਰੁ | ਰੁ | ਸ | ਰੁ | ਗ | ਰੁ | ਗ | ਪ | ਪਮੇ | ਗਮੇ | ਗਰੁ | ਗਮੇ | ਗਰੁ | ਸ |
| ਹ | ਰਿ | ਨਾ | ऽ | ਮੁ | ਲੇ | ऽ | ਹੁ | ਮੀ | ऽ | ਤਾ | ਲੇ | ऽ | ਹੁ |
| ਸ | ਰੁ | ਗ | ਰੁ | ਗ | ਮੇ | ਧੁ | - | ਸਂ | ਸਂ | ਨ | ਪ | - | ਪ |
| ਆ | ऽ | ਗੈ | ऽ | ਬਿ | ਖ | ਮ | ऽ | ਪੰ | ਥੁ | ਭੈ | ਆ | ऽ | ਨ |
| ਅੰਤਰਾ: | | | | | | | | | | | | | |
| ਗ | - | ਮੇ | ਮੇ | ਧੁ | - | ਸਂ | ਸਂ | ਧੁਸਂ | ਰੁਸਂ | ਸਂ | ਧੁਸਂ | ਰੁਸਂ | ਸਂ |
| ਸੇ | ऽ | ਵ | ਤ | ਸੇ | ऽ | ਵ | ਤ | ਸ | ਦਾ | ऽ | ਸੇ | ऽ | ਵਿ |
| ਸਂ | ਰੁਂ | ਗਂ | ਰੁਂ | ਗਂ | ਮੇਂ | ਗਂ | ਰੁਂ | ਸਂ | ਸਂ | ਨ | ਪ | - | ਪ |
| ਤੇ | ऽ | ਰੈ | ऽ | ਸਂ | ऽ | ਗਿ | ਬ | ਸ | ਤੁ | ਹੈ | ਕਾ | ऽ | ਲੁ |
| ਮੇ | ਗ | ਮੇ | ਧੁ | ਸਂ | ਨ | ਪ | - | ਪਮੇ | ਗਮੇ | ਗਰੁ | ਗਮੇ | ਗਰੁ | ਸ |
| ਕ | ਰਿ | ਸੇ | ऽ | ਵਾ | ऽ | ਤੂੰ | ऽ | ਸਾ | ऽ | ਧ | ਕੀ | ऽ | ऽ |
| ਗ | ਰੁ | ਮੇ | ਗ | ਰੁ | ਗ | ਰੁ | ਸ | ਸਰੁ | ਗਮੇ | ਗਰੁ | ਗਮੇ | ਗਰੁ | ਸ |
| ਹੋ | ऽ | ਕਾ | ऽ | ਟੀ | ऽ | ਐ | ऽ | ਜ | ऽ | ਮੁ | ਕਾ | ऽ | ਲੁ |
| ਤਾਲ ਦੇ ਬੋਲ | | | | | | | | | | | | | |
| ਧਿੰ | ਧਿੰ | ਧਾਗੇ | ਤਿਰਕਿਟ | ਤੂ | ਨਾ | ਕ | ਤਾ | ਧਿੰਨ | ਕਧਾ | ਤਿਰਕਿਟ | ਧਿਨ | ਕਧਾ | ਤਿਰਕਿਟ |

ਵਾਦੀ ਰੇ ਸੰਵਾਦੀ ਪ, ਠਾਠ ਕਾਫੀ, ਜਾਤੀ ਔੜਵ, ਸਮਾਂ ਦਿਨ ਦਾ ਦੂਸਰਾ ਪਹਿਰ ਇਸ ਨੂੰ ਬਿੰਦਰਾਬਨੀ ਸਾਰੰਗ ਵੀ ਕਹਿੰਦੇ ਹਨ।
ਆਰੋਹ - ਨ਼ਿ ਸ, ਰੇ, ਮ ਪ, ਨੀ ਸਂ
ਅਵਰੋਹ - ਸਂ ਨ਼ੀ ਪ ਮ ਰੇ, ਸ।
ਪਕੜ - ਨ਼ਿ ਮ ਰੇ, ਮ ਰੇ, ਪ ਮ ਰੇ, ਸ

ਰਾਗ ਸਾਰੰਗ ਤੀਨ ਤਾਲ

| x | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| ਅਸਥਾਈ | | | | | | | | | | | ਮ | ਰੇ | ਨ਼ਿ | - | ਸ |
| | | | | | | | | | | | ਜ | ਨ | ਮੁ | ऽ | ਗ |
| ਨ਼ੀ | - | - | .ਪ | ਨ਼ੀ | ਧ਼ | ਸ | ਨ਼ਿ | ਰੇ | ਸ | - | ਨ਼ਿ | ਸ | ਰੇ | ਮ | ਮ |
| ਵਾ | ऽ | ऽ | ऽ | ऽ | ऽ | ऽ | ऽ | ऽ | ਵੇ | ऽ | ਕ | ਹਾ | ਨ | ऽ | ऽ |
| ਪ | - | ਪ | - | ਗਮ | ਪਧ | ਮ | ਪ | ਮ | ਰੇ | - | ਮ | ਰੇ | ਨ਼ਿ | - | ਸ |
| ਰ | ऽ | ऽ | ऽ | ऽऽ | ऽऽ | ਅ | ਪ | ਨੋ | ऽ | ऽ | ਜ | ਨ | ਮਂ | ऽ | ਗ |
| x | | | | 2 | | | | 0 | | | | 3 | | | |
| ਅੰਤਰਾ | | | | | | | | | | | ਮ | ਪ | ਨਿ | ਸ | ਨਿ |
| | | | | | | | | | | | ਮਾ | ਇ | ਆ | ऽ | ऽ |
| ਸਂ | - | ਸਂ | - | ਪ | ਨੀ | ਸਂ | ਰੇਂ | (ਸਂ) | - | - | ਸਂ<br>ਨ | ਸਂ | ਰੇਂ | - | ਮਂ |
| ਮ | ऽ | ऽ | ऽ | ऽ | ऽ | ऽ | ऽ | ਦਿ | ऽ | ऽ | ਬਿ | ਖਿ | ਆ | ऽ | ऽ |
| ਮਂ<br>ਰਂ | - | ਸਂ | ਸਂ | ਸਂ<br>ਨ | - | ਸਂ | ਸਂ | ਨ਼ੀ | ਪ | - | ਰੇ | ਪ<br>ਮ | ਪ | - | ਨ |
| ਰ | ऽ | ऽ | ऽ | ਸਿ | ऽ | ਰ | ਚਿ | ਓ | ऽ | ऽ | ਰਾ | ऽ | ਮ | ऽ | ਸ |
| ਸਂ | - | ਨ਼ੀ | ਪ | ਗਮ | ਪਧ | ਪਮ | ਪ | ਰੇਮ | ਰੇ | - | ਮ | ਰੇ | ਨ਼ੀ | - | ਸ |
| ਰ | ਨਿ | ਨ | ਹੀਂ | ਆऽ | ऽऽ | ऽऽ | ऽ | ऽऽ | ਵੈ | ऽ | ਜ | ਨ | ਮੁ | ऽ | ਗ |
| ਨ਼ਿ | | | | | | | | | | | | | | | |
| ਵਾ | | | | | | | | | | | | | | | |

# ਗੁਰਮੁਖ ਢੂਢ ਢੂਢੇਦਿਆਂ

## (Free Matrimonial Service)

### AMRIT KIRTAN TRUST 422, Sector-15 A Chandigarh

❑ : SUITABLE SIKH MATCH FOR MAIR (RAJPUT) B.A, B.ED., GIRL (24) HEIGHT 5'3", HOBBIES, COOKING, PAINTING, INTERIOR DECORATION, ETC. FATHER HAILING FROM RAWALPINDI, NOW SETTLED MOHALI. OWN TAILORING BUSINESS AT SECTOR 17, CHANDIGARH. ***CONTACT BOX 006***

❑ : SUITABLE SIKH MATCH FOR AMRIT DHARI CENTRAL GOVT. JOINT DIRECTOR , M.SC., (ORGANIC CHEM.) OF 39 POSTED AT CHANDIGARH. ***CONTACT BOX 007***

❑ : SUITABLE SIKH MATCH FOR FAIR, SLIM, BEAUTIFUL, GIRL, M.A., 5'4" (23) ONE YEAR COMPUTER COURSE. ***CONTACT BOX 008***

❑ : SUITABLE SIKH MATCH FOR SADANA GIRL 1966 BORN, 5'6" M.SC. (INDUSTRIAL ECO.) M.PHIL. (ECO.) LECTURER AT AMRITSAR. ***CONTACT BOX 009***

❑ : SUITABLE SIKH, NON-DRINKER, KHATRI MATCH FOR A KAPOOR GIRL (23) 5'1" B. A., BELONGING TO AN AGRICULTURIST FAMILY OF BARAN (KOTA) ***CONTACT BOX 010***

❑ : OFFICER - BANK, DEFENCE, ENGINEER, LECTURER, BUSINESS MAN, MATCH FOR SAINI-SIKH BEAUTIFUL GIRL (25½) 5'4" B. ED.TAILORING COURSE, CAN RECITE GURBANI KIRTAN. ***CONTACT BOX 011***

❑ : SUITABLE SIKH MATCH FOR AN AMRIT DHARI SETHI GIRL OF DELHI (30) 5' FAIR, PLEASING, SMART, TOPPER M. A., B. ED., EMPLOYED PUBLIC SCHOOL, ALSO QUALIFIED PG DIPLOMA IN BUSINESS MANAGEMENT AND TRADE COURSE DIPLOMA IN BAKERY & CONFECTIONARY ***CONTACT BOX 012***

❑ : SUITABLE SIKH MATCH FOR A SLIM, FAIR M.A. B.ED., COMPUTER TRAINED AMRIT DHARI GIRL, AGE 28, HT. 5' 2½" OF JALANDHAR. PARENTS WELL SETTLED. ***CONTACT BOX 013***

❑ : SUITABLE SIKH MATCH FOR ARORA GIRL OF AMRITSAR AGE 24, HT. 5' 3" M.A., B.ED., PURSUING FOR M.ED. SCHOLARSHIP HOLDER, ACTIVE IN CO-CURRICULAR ACTIVITIES, INTELLIGENT, SOFT SPOKEN, BEAUTIFUL & POSSESSES LOVING & ADJUSTABLE NATURE. AMRITSAR BOY PREFERRED ***CONTACT BOX 014***

❑ : SUITABLE AMRITSARIA BOY FOR CONVENT EDUCATED GIRL (30), HT. 5'2" M.SC. (MED. BIO. CHEM), HAVING CERTIFICATE FRENCH LANGUAGE, COLLEGE LECTURER DENTAL COLLEGE, INTELLIGENT, SLIM, BEAUTIFUL, WELL MANNERD, AFFECTIONATE ADJUSTABLE. ***CONTACT BOX 015***

❑: SUITABLE NON-TRIMMER, NON-DRINKER SIKH MATCH FOR CHAWLA GRADUATE GIRL (20) HIGHT 5' 6", SERVING GENERAL INSURANCE FATHER BANK OFFICER, ***CONTACT BOX 0016***

❑: SUITABLE NON-TRIMMER, NON DRINKER SIKH MATCH FOR GRADUATE GIRL 5'3" (22) DIPLOMA COMPUTER, FATHER MOHALI INDUSTRIALIST, WELL SETTLED, FOUR ELDER SISTERS ALL HAPPILY MARRIED, ***CONTACT BOX 0017***

❑ : SUITABLE NON-TRIMMER, NON-DRINKER, HANDSOME WELL SETTLED GRADUATE MATCH, FROM ARORA/KHATRI GURSIKH FAMILY FOR ARORA SIKH GIRL SLIM, (23) 5'2" THREE YEARS DIPLOMA IN ARCHITECTURAL, GYANI (TOPPER) B.A. (HIGH FIRST DIV) WITH MERIT, KIRTAN KNOWING, DOING COMPUTER COURSE, ELDERS HAILING FROM LYALLPUR (WEST PAKISTAN). JALANDHAR, LUDHIANA, AMRITSAR, KAPURTHALA CITIES PREFERRED. ***CONTACT BOX 0018***

❑: SUITABLE COMPUTER PROFESSIONAL GIRL FOR BACHELOR GURSIKH, SLIM, 33,1/2 YRS., 6'-1,1/2", NONTRIMMER, NONDRINKER, MASTERS IN COMPUTERS, AUSTRALIA SETTLED, SR. POSITION MNC (SYDNEY). ***BOX-0019***

❑ : SUITABLE HOMELY ARORA SIKH MATCH FOR GRADUATE BUSINESSMAN (29) 5'9" CONTACT ***BOX 0020***

❑: SUITABLE SWEET NATURED WELL SETTLED BUSINESSMAN/ EXECUTIVE IN WELL ESTABLISHED CONCERN GURSIKH MATCH FOR FAIR, SLIM, BEAUTIFUL, INTELLIGENT & SWEET NATURED ARORA GIRL 5'5' (27) CONVENT EDUCATED, P.U. GRADUATED, DIPLOMA TEXTILE DESIGNING, INTERIOR DECORATION & BEAUTY CULTURE, CONTACT ***BOX 0021***

# ਸੰਗੀਤ - ਲਿਪੀ - ਚਿੰਨ੍ਹ

ਪ ਜਿਨ੍ਹਾਂ ਸੁਰਾਂ ਦੇ ਉੱਪਰ ਹੇਠਾਂ ਕੋਈ ਚਿੰਨ੍ਹ ਨਾ ਹੋਵੇ, ਉਹ ਮੱਧ-ਸਪਤਕ ਦੇ ਸ਼ੁਧ ਸੁਰ ਹੁੰਦੇ ਹਨ।

---

ਧੁ ਜਿਨ੍ਹਾਂ ਸੁਰਾਂ ਹੇਠਾਂ ਲੇਟਵੀਂ ਲਕੀਰ ਹੋਵੇ ਉਹ ਕੋਮਲ ਸੁਰ ਹੁੰਦੇ ਹਨ ; ਪਰ ਕੋਮਲ ਮਧਿਅਮ ਉੱਪਰ ਕੋਈ ਚਿੰਨ੍ਹ ਨਹੀਂ ਹੁੰਦਾ ਕਿਉਂਕਿ ਕੋਮਲ ਮਧਿਅਮ ਨੂੰ ਸ਼ੁਧ ਮਧਿਅਮ ਵੀ ਕਹਿੰਦੇ ਹਨ। ਹਰਮੋਨੀਅਮ ਦੇ ਸੁਰ ਨੰ: 2, 4, 9, 11 ਕੋਮਲ ਸੁਰ ਹਨ।

---

ਮੰ ਇਹ ਤੀਬਰ ਮਧਿਅਮ ਹੈ। ਸੁਰ ਨੰ: 7 ਤੀਬਰ ਮਧਿਅਮ ਹੈ।

---

.ਪ/.ਧ ਜਿਨ੍ਹਾਂ ਸੁਰਾਂ ਹੇਠਾਂ ਬਿੰਦੀ ਹੋਵੇ ਉਹ ਮੰਦਰ ਸਪਤਕ ਦੇ ਸੁਰ ਹੁੰਦੇ ਹਨ।

---

ਸਂ/ਪਂ ਜਿਨ੍ਹਾਂ ਸੁਰਾਂ ਦੇ ਉੱਪਰ ਬਿੰਦੀ ਹੋਵੇ ਉਹ ਤਾਰ ਸਪਤਕ ਦੇ ਸੁਰ ਹੁੰਦੇ ਹਨ।

---

ਪ- ਜਿਹੜੇ ਸੁਰ ਅੱਗੇ ਜਿੰਨੀਆਂ ਲਕੀਰਾਂ(-) ਹਨ ਉਸ ਨੂੰ ਉਤਨੀਆਂ ਮਾਤਰਾਂ ਤੱਕ ਗਾਉਣਾ ਹੈ।

---

ਸ਼ਾਂs ਜਿਸ ਅੱਖਰ ਅੱਗੇ ਜਿੰਨੇ s ਪਏ ਹੋਣ ਉਸ ਨੂੰ ਉਨੀਆਂ ਮਾਤਰਾਂ ਤਕ ਗਾਉਣਾ ਹੈ।

---

ਧਪ ਇਸ ਤਰ੍ਹਾਂ ਜਿੰਨੇ ਵੀ ਸੁਰ ਆਪਸ ਵਿਚ ਮਿਲੇ ਹੋਣ ਉਹਨਾਂ ਸਾਰਿਆਂ ਨੂੰ ਇੱਕ ਮਾਤਰਾ ਵਿੱਚ ਗਾਉਣਾ ਹੈ।

---

ਮਪ ਜਿਹੜਾ ਸੁਰ ਕਿਸੇ ਸੁਰ ਦੇ ਉੱਪਰ ਲਿਖਿਆ ਹੋਵੇ ਉਸ ਨੂੰ ਕਣ ਰੂਪ ਵਿੱਚ ਲਗਾਉਣਾ ਹੈ।

---

X O 1 2 3 Xਸਮ, O ਖਾਲੀ ਅਤੇ 1-2-3 ਤਾਲੀਆਂ ਦੇ ਚਿੰਨ੍ਹ ਹਨ।

| ਮੰਦਰ ਸਪਤਕ | ਮੱਧ ਸਪਤਕ | ਤਾਰ ਸਪਤਕ | |
|---|---|---|---|
| ਰੇ਼ ਗੁ਼ ਮੰ਼ ਧੁ਼ ਨੀ਼ | ਰੇ ਗੁ ਮੰ ਧੁ ਨੀ | ਰੇਂ ਗੁਂ ਮੰ ਧੁਂ ਨੀਂ | ਰੇਂ |




| ਸ਼ ਰੇ਼ ਗ਼ ਮ਼ ਪ਼ ਧ਼ ਨੀ਼ | ਸ ਰੇ ਗ ਮ ਪ ਧ ਨੀ | ਸਂ ਰੇਂ ਗਂ ਮੰ ਪਂ ਧਂ ਨੀਂ | ਸਂ |
|---|---|---|---|
| ਨੀਚੀ ਆਵਾਜ਼ | ਦਰਮਿਆਨੀ ਆਵਾਜ਼ | ਉਚੀ ਆਵਾਜ਼ | |

## 'ਅੰਮ੍ਰਿਤ ਕੀਰਤਨ' ਲਈ ਮਾਇਕ ਸਹਾਇਤਾ

'ਅੰਮ੍ਰਿਤ ਕੀਰਤਨ' ਤੁਹਾਡੀ ਮਾਇਕ ਸਹਾਇਤਾ ਅਤੇ ਅਗਵਾਈ ਸਦਕਾ ਹੀ ਨਿਰੰਤਰ ਅਤੇ ਨਿਰਵਿਘਨ ਜਾਰੀ ਰੱਖਿਆ ਜਾ ਸਕਦਾ ਹੈ। ਆਪ ਆਪਣੀ ਮਾਇਆ 'ਅੰਮ੍ਰਿਤ ਕੀਰਤਨ ਟਰਸਟ' ਦੇ ਨਾਮ ਭੇਜਣ ਦੀ ਕ੍ਰਿਪਾ ਕਰੋ। ਪਿਛਲੇ ਮਹੀਨੇ ਹੇਠ ਲਿਖੇ ਸਹਿਯੋਗੀਆਂ ਨੇ ਮਾਇਕ ਸਹਾਇਤਾ ਭੇਜੀ ਹੈ। ਉਹਨਾਂ ਦਾ ਬਹੁਤ ਬਹੁਤ ਧੰਨਵਾਦ।

ਸੇਵਕ ਚੈਰੀਟੇਬਲ ਟ੍ਰਸਟ, ਚੰਡੀਗੜ੍ਹ 200ਰੁ. / ਸ. ਦਿਲਾਵਰ ਸਿੰਘ ਯੂ. ਐਸ. ਏ 500 ਰੁ. / ਮਿਸਜ਼ ਬਸੰਤ ਕੌਰ ਲਾਂਬਾ, ਚੰਡੀਗੜ੍ਹ 100 ਰੁ. / ਮਿਸਜ਼ ਜੀ. ਕੇ. ਸੰਧੂ ਚੰਡੀਗੜ੍ਹ 600 ਰੁ. / ਮਿਸਜ਼ ਕਰਨਲ ਡੀ ਐਮ. ਵੋਹਰਾ ਚੰਡੀਗੜ੍ਹ 100 ਰੁ. / ਸ. ਸਤਨਾਮ ਸਿੰਘ ਸਿਧੂ, ਸੰਗਰੂਰ 200 ਰੁ. / ਸ. ਸਰਬਜੀਤ ਸਿੰਘ ਲੁਧਿਆਣਾ 100 ਰੁ. / ਡਾ. ਤ੍ਰਿਲੋਚਨ ਸਿੰਘ ਤਰਸੀ, ਮੁਹਾਲੀ 200 ਰੁ. / ਜਸਟਿਸ ਰਾਮ ਸਿੰਘ ਬਿੰਦਰਾ, ਚੰਡੀਗੜ੍ਹ 100 ਰੁ. / ਭਾਈ ਹਰਭਜਨ ਸਿੰਘ ਰਾਗੀ, ਖਰੜ 100 ਰੁ. / ਸ. ਨਰਿੰਦਰ ਸਿੰਘ ਲਾਇਬ੍ਰੇਰੀਅਨ, ਜਲੰਧਰ 100 ਰੁ. / ਪ੍ਰੋ ਮੰਗਤ ਸਿੰਘ ਮਸਤਾਨਾ, ਮਲੋਟ 50 ਰੁ. / ਗਿਆਨੀ ਕਵੀ ਰਾਜ ਸਿੰਘ, ਸ੍ਰੀ ਨਗਰ 100 ਰੁ. / ਸਰਦਾਰਨੀ ਕੁਲਵੰਤ ਕੌਰ, ਅੰਮ੍ਰਿਤਸਰ 200 ਰੁ. / ਡਾ. ਮਹਿੰਦਰ ਸਿੰਘ ਪੁਆਰ, ਯੂ. ਐਸ. ਏ. 1000 ਰੁ. / ਸ. ਚਰਨ ਸਿੰਘ, ਨੰਗਲ ਟਾਊਨ ਸ਼ਿਪ 100 ਰੁ., ਸ. ਹਰਪਾਲ ਸਿੰਘ, ਮੁਹਾਲੀ, 100 ਰੁ.

Donations made to Amrit Kirtan Trust are eligible for exemption Under Section 80G of the Income Tax Act, 1961, upto 31.3.99, Vide Order No. CIT/PRO/PTA/80G/ 97-98 dated 3/7-7-1997 issued by the CIT Patiala

## ਅਪੀਲ

ਸੰਗਤਾਂ, ਦਾਨੀ ਸੱਜਣਾਂ ਅਤੇ ਪਾਠਕਾਂ ਦੀ ਸੇਵਾ ਵਿੱਚ ਬੇਨਤੀ ਹੈ ਕਿ ਭਗਤ ਪੂਰਨ ਸਿੰਘ ਜੀ ਵਲੋਂ ਮਨੁੱਖੀ ਸੇਵਾ ਹਿਤ ਅਰੰਭੇ ਕਾਰਜ ਨੂੰ ਜਾਰੀ ਰੱਖਣ ਲਈ ਲੋੜੀਂਦੀ ਸਹਾਇਤਾ ਭੇਜੀ ਜਾਵੇ। ਸੰਗਤਾਂ ਆਪ ਵੀ ਇਸ ਕਾਰਜ ਲਈ ਦਾਨ-ਨਕਦੀ ਜਾਂ ਜਿਨਸ ਦੀ ਸ਼ਕਲ ਵਿੱਚ ਦਿਲ ਖੋਲ੍ਹ ਕੇ ਭੇਜਣ ਅਤੇ ਦੂਸਰਿਆਂ ਨੂੰ ਵੀ ਆਪਣਾ ਯੋਗਦਾਨ ਪਾਉਣ ਲਈ ਪ੍ਰੇਰਣ।

ਦਾਨ ਪਿੰਗਲਵਾੜੇ ਦੇ ਰੀਸੈਪਸ਼ਨ ਕਾਊਂਟਰਾਂ, ਮਨੀਆਰਡਰ, ਚੈਕ, ਬੈਂਕ ਡਰਾਫਟ ਆਦਿ ਰਾਹੀਂ ਭੇਜਿਆ ਜਾ ਸਕਦਾ ਹੈ।

**ਪਤਾ: ਆਲ ਇੰਡੀਆ ਪਿੰਗਲਵਾੜਾ ਸੁਸਾਇਟੀ (ਰਜਿ.)**
**ਅੰਮ੍ਰਿਤਸਰ**

### ਬਾਰਹ ਮਾਹ ਤੁਖਾਰੀ ਮਹਲਾ ੧

ਵੈਸਾਖੁ ਭਲਾ, ਸਾਖਾ ਵੇਸ ਕਰੇ॥ ਧਨ ਦੇਖੈ ਹਰਿ ਦੁਆਰਿ ਆਵਹੁ ਦਇਆ ਕਰੇ॥ ਘਰਿ ਆਉ ਪਿਆਰੇ ਦੁਤਰ ਤਾਰੇ ਤੁਧੁ ਬਿਨੁ ਅਢੁ ਨ ਮੋਲੋ॥ ਕੀਮਤਿ ਕਉਣ ਕਰੇ ਤੁਧੁ ਭਾਵਾਂ ਦੇਖਿ ਦਿਖਾਵੈ ਢੋਲੋ॥ ਦੂਰਿ ਨ ਜਾਨਾ ਅੰਤਰਿ ਮਾਨਾ ਹਰਿ ਕਾ ਮਹਲੁ ਪਛਾਨਾ॥ ਨਾਨਕ ਵੈਸਾਖੀ ਪ੍ਰਭੁ ਭਾਵੈ ਸੁਰਤਿ ਸਬਦਿ ਮਨੁ ਮਾਨਾ॥

### ਗੁਰਪੁਰਬ

| | |
|---|---|
| ਪਾ. ੬ ਜੋਤੀ ਜੋਤਿ ਸਮਾਏ | ੧ ਅਪ੍ਰੈਲ |
| ਪਾ. ੯ ਗੁਰਿਆਈ ਮਿਲੀ | ੯ ਅਪ੍ਰੈਲ |
| ਪਾ. ੮ ਜੋਤੀ ਜੋਤਿ ਸਮਾਏ | ੯ ਅਪ੍ਰੈਲ |
| ਪਾ. ੯ ਅਵਤਾਰ ਧਾਰਿਆ | ੧੯ ਅਪ੍ਰੈਲ |
| ਪਾ. ੫ ਅਵਤਾਰ ਧਾਰਿਆ | ੨੭ ਅਪ੍ਰੈਲ |
| ਪਾ. ੨ ਅਵਤਾਰ ਧਾਰਿਆ | ੧੩ ਅਪ੍ਰੈਲ |

### ਦਿਨ ਦਿਹਾਰ ਤੇ ਛੁੱਟੀਆਂ

| | |
|---|---|
| ਬੈਂਕਾਂ ਦੀ ਛੁੱਟੀ | ੧ ਅਪ੍ਰੈਲ |
| ਸ਼੍ਰੀ ਰਾਮ ਨੌਮੀ | ੫ ਅਪ੍ਰੈਲ |
| ਈਦੁਲ ਜ਼ੁਹਾ (ਬਕਰੀਦ) | ੮ ਅਪ੍ਰੈਲ |
| ਜਨਮ ਸ੍ਰੀ ਮਹਾਂਵੀਰ ਜੈਨ | ੯ ਅਪ੍ਰੈਲ |
| ਗੁਡ ਫਰਾਈਡੇ | ੧੦ ਅਪ੍ਰੈਲ |


## ਹਰਮੋਨੀਅਮ ਪ੍ਰਾਪਤ ਕਰੋ

**ਚੰਗੇ ਹਰਮੋਨੀਅਮ ਪ੍ਰਾਪਤ ਕਰਨ ਲਈ ਸੰਪਰਕ ਕਰੋ।**

**ਅੰਮ੍ਰਿਤ ਕੀਰਤਨ ਟ੍ਰਸਟ,**
**422 ਸੈਕਟਰ 15 ਏ.**
**ਚੰਡੀਗੜ੍ਹ–160015**
**ਫੋਨ–772660, 782452**


## ਅਪ੍ਰੈਲ/ਚੇਤਰ 1998

| | | | | |
|---|---|---|---|---|
| ਸੰਮਤ ਬਿਕ੍ਰਮੀ | 2055 | ਪੰਚਮੀ | 1,30 | ਅਪ੍ਰੈਲ |
| ਸੰਮਤ ਨਾਨਕਸ਼ਾਹੀ | 529 | ਪੂਰਨਮਾਸ਼ੀ | 11 | ਅਪ੍ਰੈਲ |
| ਸੰਮਤ ਖਾਲਸਾ | 299–300 | ਸੰਗ੍ਰਾਂਦ | 13 | ਅਪ੍ਰੈਲ |
| ਸੰਮਤ ਸਾਕਾ | 1920 | ਮੱਸਿਆ | 26 | ਅਪ੍ਰੈਲ |

| | | | | | |
|---|---|---|---|---|---|
| ਐਤ<br>SUN | ☆ | 5<br>23 ਚੇਤਰ<br>ਚੇਤਰ ਸੁਦੀ 6 | 12<br>30 ਚੇਤਰ<br>ਵੈਸਾਖ ਵਦੀ 13 | 19<br>7 ਵੈਸਾਖ<br>ਵੈਸਾਖ ਵਦੀ 7 | 26<br>14 ਵੈਸਾਖ<br>ਮੱਸਿਆ |
| ਸੋਮ<br>MON | ☆ | 6<br>24 ਚੇਤਰ<br>ਚੇਤਰ ਸੁਦੀ 7 | 13<br>1 ਵੈਸਾਖ<br>ਵੈਸਾਖ ਵਦੀ 1 | 20<br>8 ਵੈਸਾਖ<br>ਵੈਸਾਖ ਵਦੀ 8 | 27<br>15 ਵੈਸਾਖ<br>ਵੈਸਾਖ ਸੁਦੀ1 |
| ਮੰਗਲ<br>TUE | ☆ | 7<br>25 ਚੇਤਰ<br>ਚੇਤਰ ਸੁਦੀ 8 | 14<br>2 ਵੈਸਾਖ<br>ਵੈਸਾਖ ਵਦੀ 2 | 21<br>9 ਵੈਸਾਖ<br>ਵੈਸਾਖ ਵਦੀ 9 | 28<br>16 ਵੈਸਾਖ<br>ਵੈਸਾਖ ਸੁਦੀ2 |
| ਬੁਧ<br>WED | 1<br>19 ਚੇਤਰ<br>ਚੇਤਰ ਸੁਦੀ 2 | 8<br>26 ਚੇਤਰ<br>ਚੇਤਰ ਸੁਦੀ 9 | 15<br>3 ਵੈਸਾਖ<br>ਵੈਸਾਖ ਵਦੀ 3 | 22<br>10 ਵੈਸਾਖ<br>ਵੈਸਾਖ ਵਦੀ 10 | 29<br>17 ਵੈਸਾਖ<br>ਵੈਸਾਖ ਸੁਦੀ3 |
| ਵੀਰ<br>THU | 2<br>20 ਚੇਤਰ<br>ਚੇਤਰ ਸੁਦੀ 3 | 9<br>27 ਚੇਤਰ<br>ਚੇਤਰ ਸੁਦੀ 10 | 16<br>4 ਵੈਸਾਖ<br>ਵੈਸਾਖ ਵਦੀ 4 | 23<br>11 ਵੈਸਾਖ<br>ਵੈਸਾਖ ਵਦੀ 11 | 30<br>18 ਵੈਸਾਖ<br>ਵੈਸਾਖ ਸੁਦੀ4 |
| ਸ਼ੁਕਰ<br>FRI | 3<br>21 ਚੇਤਰ<br>ਚੇਤਰ ਸੁਦੀ4 | 10<br>28 ਚੇਤਰ<br>ਚੇਤਰ ਸੁਦੀ 11 | 17<br>5 ਵੈਸਾਖ<br>ਵੈਸਾਖ ਵਦੀ 5 | 24<br>12 ਵੈਸਾਖ<br>ਵੈਸਾਖ ਵਦੀ 12 | ☆ |
| ਸ਼ਨੀ<br>SAT | 4<br>225 ਚੇਤਰ<br>ਚੇਤਰ ਸੁਦੀ 5 | 11<br>29 ਚੇਤਰ<br>ਚੇਤਰ ਸੁਦੀ 12 | 18<br>6 ਵੈਸਾਖ<br>ਵੈਸਾਖ ਵਦੀ 6 | 25<br>13 ਵੈਸਾਖ<br>ਵੈਸਾਖ ਵਦੀ 13 | ☆ |


**ਸਾਡਾ ਵਿਰਸਾ ਸਾਡਾ ਗੌਰਵ**

(ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦਾ ਮਾਸਿਕ ਪੱਤਰ)
ਪਤਾ:– ਮਾਡਲ ਟਾਊਨ ਐਕਸਟੇਨਸ਼ਨ, ਲੁਧਿਆਣਾ–141002


**ਅਰਥ:–** ਵੈਸਾਖ (ਦਾ ਮਹੀਨਾ ਕਿਹਾ) ਚੰਗਾ ਲੱਗਦਾ ਹੈ। ਰੁੱਖਾਂ ਦੀਆਂ ਲਗਰਾਂ (ਸੱਜ–ਵਿਆਹੀਆਂ ਮੁਟਿਆਰਾਂ ਵਾਂਗ ਕੂਲੇ ਕੂਲੇ ਪੱਤਰਾਂ ਦਾ) ਹਾਰ–ਸਿੰਗਾਰ ਕਰਦੀਆਂ ਹਨ। (ਇਹਨਾਂ ਲਗਰਾਂ ਦਾ ਹਾਰ–ਸਿੰਗਾਰ ਵੇਖ ਕੇ ਪਤੀ ਤੋਂ ਵਿਛੁੜੀ ਨਾਰ ਦੇ ਅੰਦਰ ਭੀ ਪਤੀ ਨੂੰ ਮਿਲਣ ਲਈ ਧੂਹ ਪੈਂਦੀ ਹੈ, ਤੇ ਉਹ ਆਪਣੇ ਘਰ ਦੇ ਬੂਹੇ ਵਿਚ ਖਲੋਤੀਰਾਹ ਤੱਕਦੀ ਹੈ। ਇਸੇ ਤਰ੍ਹਾਂ ਕੁਦਰਤਿ–ਰਾਣੀ ਦਾ ਸੋਹਜ–ਸਿੰਗਾਰ ਵੇਖ ਕੇ ਉਮਾਹ–ਭਰੀ ਜੀਵ–ਇਸਤ੍ਰੀ ਆਪਣੇ (ਹਿਰਦੇ) ਦਰ ਤੇ ਪ੍ਰਭੂ–ਪਤੀ ਦੀ ਉਡੀਕ ਕਰਦੀ ਹੈ ( ਤੇ ਆਖਦੀ ਹੈ–ਹੇ ਪ੍ਰਭੂ–ਪਤੀ) ਮਿਹਰ ਕਰ ਕੇ (ਮੇਰੇ ਹਿਰਦੇ–ਘਰ ਵਿਚ) ਆਓ। ਹੇ ਪਿਆਰੇ! (ਮੇਰੇ) ਘਰ ਵਿਚ ਆਓ, ਮੈਨੂੰ ਇਸ ਬਿਖਮ ਸੰਸਾਰ ਸਮੁੰਦਰ ਵਿਚੋਂ ਪਾਰ ਲੰਘਾ, ਤੈਥੋਂ ਬਿਨਾ ਮੇਰੀ ਕਦਰ ਅੱਧੀ ਕੌਡੀ ਜਿਤਨੀ ਭੀ ਨਹੀਂ ਹੈ। ਪਰ, ਹੇ ਮਿਤ੍ਰ–ਪ੍ਰਭੂ ! ਜੇ ਗੁਰੂ ਤੇਰਾ ਦਰਸ਼ਨ ਕਰ ਕੇ ਮੈਨੂੰ ਭੀ ਦਰਸ਼ਨ ਕਰਾ ਦੇਵੇ, ਤੇ ਜੇ ਮੈਂ ਤੈਨੂੰ ਚੰਗੀ ਲੱਗ ਪਵਾਂ, ਤਾਂ ਕੌਣ ਮੇਰਾ ਮੁੱਲ ਪਾ ਸਕਦਾ ਹੈ? ਫਿਰ ਤੂੰ ਮੈਨੂੰ ਕਿਤੇ ਦੂਰ ਨਹੀਂ ਜਾਪੇਂਗਾ, ਮੈਨੂੰ ਯਕੀਨ ਹੋਵੇਗਾ ਕਿ ਤੂੰ ਮੇਰੇ ਅੰਦਰ ਵੱਸ ਰਿਹਾ ਹੈ, ਉਸ ਟਿਕਾਣੇ ਦੀ ਮੈਨੂੰ ਪਛਾਣ ਹੋ ਜਾਇਗੀ ਜਿਥੇ ਤੂੰ ਵੱਸਦਾ ਹੈ।

ਹੇ ਨਾਨਕ ! ਵੈਸਾਖ ਵਿਚ (ਕੁਦਰਤਿ–ਰਾਣੀ ਦਾ ਸੋਹਜ–ਸਿੰਗਾਰ ਵੇਖ ਕੇ ਉਹ ਜੀਵ–ਇਸਤ੍ਰੀ) ਪ੍ਰਭੂ–ਪਤੀ (ਦਾ ਮਿਲਾਪ) ਹਾਸਲ ਕਰ ਲੈਂਦੀ ਹੈ ਜਿਸ ਦੀ ਸੁਰਤਿ ਗੁਰੂ ਦੇ ਸ਼ਬਦ ਵਿਚ ਜੁੜੀ ਰਹਿੰਦੀ ਹੈ, ਜਿਸ ਦਾ ਮਨ (ਸਿਫ਼ਤਿ ਸਾਲਾਹ ਵਿਚ ਹੀ) ਗਿੱਝ ਜਾਂਦਾ ਹੈ।

**ਭਾਵ:–** ਜਿਸ ਮਨੁੱਖ ਦਾ ਮਨ ਪਰਮਾਤਮਾ ਦੀ ਸਿਫ਼ਤਿ–ਸਾਲਾਹ ਵਿਚ ਗਿੱਝ ਜਾਂਦਾ ਹੈ, ਉਸ ਨੂੰ ਕੁਦਰਤਿ ਦੀ ਸੁੰਦਰਤਾ ਭੀ ਪਰਮਾਤਮਾ ਦੇ ਚਰਨਾਂ ਵਿਚ ਹੀ ਜੋੜਨ ਲਈ ਸਹਾਇਤਾ ਕਰਦੀ ਹੈ।

**ਜੇ ਤੁਹਾਨੂੰ ਅੰਮ੍ਰਿਤ ਕੀਰਤਨ ਚੰਗਾ ਲਗਦਾ ਹੈ ਤਾਂ ਇਸ ਦੇ ਹੋਰ ਮੈਂਬਰ ਬਣਾਓ, ਨਹੀ ਤਾਂ ਇਸ ਨੂੰ ਹੋਰ ਚੰਗੇਰਾ ਬਣਾਉਣ ਲਈ ਸੁਝਾਅ ਭੇਜੋ।**

# ਅੰਮ੍ਰਿਤ ਵਰਖਾ

ਪੇਸ਼ ਕਰਦੇ ਹਨ:

ਡਾ. ਜਾਗੀਰ ਸਿੰਘ ਜੀ ਦੀ ਆਵਾਜ਼ ਵਿਚ

ਗੁਰਬਾਣੀ ਕੀਰਤਨ ਦੀਆਂ ਕੈਸਟਾਂ

- ਸਾਵਣ ਆਇਆ
- ਤੇਰਾ ਕੀਆ ਮੀਠਾ ਲਾਗੈ
- ਦਲ ਭੰਜਨ ਗੁਰ ਸੂਰਮਾ
- ਹਉ ਬਲਿਹਾਰੇ ਜਾਉ
- ਜਿਉ ਰਾਖਹਿ ਤਿਉ ਰਹੀਐ
- ਜਪਿ ਮਨ ਸਤਿਨਾਮ
- ਭਜਉ ਗੋਬਿੰਦ (MVI)
- ਥੰਮੇ ਕੋਇ ਨ ਸਾਧ ਬਿਨ (MVI)
- ਬਿਨ ਦਰਸਨ ਕੈਸੇ ਜੀਵਉ
- ਪਾਠ-ਸ੍ਰੀ ਜਪੁਜੀ ਸਾਹਿਬ, ਰਹਿਰਾਸ ਸਾਹਿਬ ਤੇ ਸੋਹਿਲਾ
- ਮੇਰੇ ਲਾਲ ਜੀਓ
- ਸੋ ਕਿਉ ਵਿਸਰੈ
- ਬਾਬੀਹਾ ਅੰਮ੍ਰਿਤ ਵੇਲੇ ਬੋਲਿਆ
- ਪੂਤਾ ਮਾਤਾ ਕੀ ਆਸੀਸ
- ਤੇਰੇ ਮੁਖੁ ਸੁਹਾਵਾ
- ਦੇਹ ਸਿਵਾ ਬਰ ਮੋਹਿ ਇਹੈ
- ਸਭ ਬਿਧਿ ਤੁਮ ਹੀ ਜਾਨਤੇ (T Series)
- ਭਾਗ ਹੋਆ ( Indian Melodies)
- ਪਾਠ-ਸ੍ਰੀ ਸੁਖਮਨੀ ਸਾਹਿਬ
- ਪਾਠ-ਪੰਜ ਬਾਣੀਆਂ ਤੇ ਬਾਰਹਮਾਹ

ਨੋਟ: ਰਾਗੀ ਜੱਥਾ ਡਾ. ਜਾਗੀਰ ਸਿੰਘ (ਚੰਡੀਗੜ੍ਹ) ਦੇ ਕੀਰਤਨ ਦੀਆਂ ਟੇਪਾਂ ਹੇਠ ਲਿਖੇ ਸਥਾਨਾਂ ਤੋਂ ਮਿਲ ਸਕਦੀਆਂ ਹਨ। ਚੰਡੀਗੜ੍ਹ ਵਿਚ ਜੋ ਆਪ ਘਰ ਬੈਠਿਆਂ ਕੀਰਤਨ ਟੇਪਾਂ ਚਾਹੁੰਦੇ ਹੋ ਤਾਂ ਫ਼ੋਨ: 772660 ਅਤੇ 45452 ਕਰਨ ਦੀ ਕਿਰਪਾ ਕਰੋ।

| ਅੰਮ੍ਰਿਤ ਕੀਰਤਨ ਟ੍ਰਸਟ | ਅੰਮ੍ਰਿਤ ਵਰਖਾ |
|---|---|
| 422, ਸੈਕਟਰ 15-A | 7/1, ਵੈਸਟ ਪਟੇਲ ਨਗਰ, |
| ਚੰਡੀਗੜ੍ਹ-160015 | ਨਵੀਂ ਦਿੱਲੀ |
| ਫੋਨ-722660 | ਫੋਨ : 5742058 |

STATE OF ART HEARING AIDS

AVAILABLE IN ALL MODELS

BONE CONDUCTION SPECTACLE

AIR CONDUCTION SPECTACLE

IN THE CANAL

BEHIND THE EAR

POCKET MODEL AND MANY MORE

ATTRACTIVE MODELS

*Visit*

**Dr. PREET AHUJA**

***Sounds***

**THE HEARING AID PEOPLE**

C-353, DEFENCE COLONY

NEW DELHI 110 024

PHONE 011- 4620485

Registration No.
Chandigarh Division / 52 / 98
RNI Regd. No. 46788/89

**BOOK POST**
(Printed Matter)
To

*If undelivered please return to:*
**AMRIT KIRTAN TRUST** (Regd.)
422, Sector 15-A, Chandigarh - 160 015
Phone : 0172 - 772660

ਕੀਰਤਨ ਅਤੇ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਪੱਤਰ

# ਅੰਮ੍ਰਿਤ ਕੀਰਤਨ

ਅੰਕ 4 ਸਾਲ ਦਸਵਾਂ ਅਪ੍ਰੈਲ 1998

ਪਰਚਾ ਨਾ ਮਿਲਣ ਦੀ ਜਾਂ ਕੋਈ ਹੋਰ ਸ਼ਿਕਾਇਤ ਹੋਵੇ ਜਾਂ ਤੁਸੀਂ ਆਪਣਾ ਪਤਾ ਬਦਲ ਲਿਆ ਹੋਵੇ ਤਾਂ ਆਪਣੇ ਚਿੱਟ ਨੰਬਰ ਦਾ ਹਵਾਲਾ ਦੇ ਕੇ ਚਿੱਠੀ ਭੇਜ ਦਿਉ। ਚਿੱਟ ਨੰਬਰ ਤੋਂ ਬਿਨਾਂ ਕੋਈ ਕਾਰਵਾਈ ਨਹੀਂ ਹੋ ਸਕੇਗੀ। ਆਪ ਜੀ ਦਾ ਚਿੱਟ ਨੰਬਰ ਇਸ ਲਿਫਾਫੇ ਉਤੇ ਆਪ ਦੇ ਨਾਮ ਤੋਂ ਪਹਿਲਾਂ ਲਿਖਿਆ ਹੋਇਆ ਹੈ।